SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

54

Oct. - Dec. 2024

# ਸੈਣੀ ਸੰਸਾਰ
# Saini Sansar

## ਪੰਜਵੀਂ ਵਾਰ ਏਸ਼ੀਅਨ ਚੈਂਪਿਅਨਸ਼ਿਪ ਜਿੱਤਣ 'ਤੇ ਭਾਰਤੀ ਹਾਕੀ ਟੀਮ ਨੂੰ ਵਧਾਈ



## ਅੰਦਰ ਪੜ੍ਹੋ

- ਸੈਣੀ ਭਵਨ ਦੀਆਂ ਸਰਗਰਮੀਆਂ
- ਪੁਲਾੜ ਪਰੀ ਸੁਨੀਤਾ ਵਿਲੀਅਮਜ਼
- ਵਜ਼ੀਫ਼ਿਆਂ ਦੇ ਦਾਨੀ ਸੱਜਣ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਪੈਰਿਸ ਓਲੰਪਿਕਸ ਅਤੇ ਪੈਰਾਲੰਪਿਕਸ 2024
- ਸਾਹਿਤਕ ਰਚਨਾਵਾਂ
- ਵਧਾਈਆਂ ਅਤੇ ਸ਼ਰਧਾਂਜਲੀਆਂ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XIV, Issue - IV

# Saini Sansar

(Quarterly)

Oct. - Dec. 2024

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

| Subscription / Assistance Money | India | Abroad | ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

Date of Publication : 04.10.2024

# ਸੈਣੀ ਸੰਸਾਰ

(ਤਿਮਾਹੀ)

ਜਿਲਦ 14, ਅੰਕ 4 — ਅਕਤੂਬਰ – ਦਸੰਬਰ 2024



**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)

ਸੈਣੀ ਭਵਨ, ਰੂਪਨਗਰ – 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ–140001 (ਪੰਜਾਬ)

ਈ ਮੇਲ : tejprinting@gmail.com

ਫੋਨ : 9876626588

**ਪ੍ਰਕਾਸ਼ਨਾ ਸਥਾਨ**

ਸੈਣੀ ਭਵਨ

ਰੂਪਨਗਰ – 140001 (ਪੰਜਾਬ)



**ਮੁੱਖ ਸੰਪਾਦਕ (ਆਨਰੇਰੀ)**

ਡਾ. ਅਜਮੇਰ ਸਿੰਘ ਤੰਬੜ

# ਬੀ–12/5057, ਗੁਰੂ ਨਗਰ,

ਚੰਡੀਗੜ੍ਹ ਰੋਡ, ਰੂਪਨਗਰ – 140001 (ਪੰਜਾਬ)


**ਸਰਟੀਫਿਕੇਟਸ**

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।


ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।


ਮੁੱਖ ਪੰਨੇ 'ਤੇ ਫੋਟੋ : ਏਸ਼ੀਅਨ ਚੈਂਪੀਅਨਸ਼ਿਪ– 2024 ਜੇਤੂ ਭਾਰਤੀ ਹਾਕੀ ਟੀਮ।

## ਤੱਤਕਰਾ



| ਕੀ | ਕਿੱਥੇ |
|---|---|
| ਸੰਪਾਦਕੀ– ਘੁੰਮਣਘੇਰੀ ਵਿੱਚ ਫਸਿਆ ਪੰਜਾਬੀ ਸਭਿਆਚਾਰ | 3–4 |
| ਸੈਣੀ ਭਵਨ ਦੀਆਂ ਸਰਗਰਮੀਆਂ | 5–6 |
| Donors of Saini Bhawan | 7 |
| ਪੁਲਾੜ ਪਰੀ – ਸੁਨੀਤਾ ਵਿਲੀਅਮਜ਼ | 8–9 |
| ਪੈਰਿਸ ਓਲੰਪਿਕਸ 2024 ਦੀਆਂ ਝਲਕੀਆਂ | 10–11 |
| ਅਦਭੁੱਤ ਜਾਪਾਨ | 11 |
| ਕਵਿਤਾਵਾਂ | 12 |
| ਪੈਰਿਸ ਓਲੰਪਿਕਸ 2024 ਦੇ ਭਾਰਤੀ ਜੇਤੂ ਖਿਡਾਰੀ | 13–14 |
| ਪੈਰਿਸ ਓਲੰਪਿਕਸ 2024 ਦੇ ਪੰਜਾਬੀ ਖਿਡਾਰੀ | 15–16 |
| ਪੈਰਾਲੰਪਿਕਸ 2024 ਵਿੱਚ ਭਾਰਤੀ ਖਿਡਾਰੀਆਂ ਦਾ ਕਮਾਲ | 17–18 |
| Donors of Scholarships | 19-20 |
| ਕਹਾਣੀ – ਇਹਨੂੰ ਕੱਢਣੈ.. | 21–22 |
| ਲੇਖ਼ – ਤੈਨੂੰ ਤੀਆਂ ਨੂੰ ਲੈਣ ਨਾ ਆਏ | 23–24 |
| ਸੈਣੀ ਬਰਾਦਰੀ ਦੀ ਸ਼ਾਨ – ਪੁਸ਼ਪਿੰਦਰ ਸਿੰਘ ਸੈਣੀ | 24 |
| ਲੇਖ਼ – ਆਜ਼ਾਦੀ ਦਾ ਨਿੱਘ ਸਾਰੀ ਵਸੋਂ ਮਾਣੇ | 25–26 |
| ਲੇਖ਼ – ਦੁੱਧ ਨਾਲ ਪੁੱਤ ਪਾਲ ਕੇ | 27–28 |
| ਗਜ਼ਲ ਸੰਗ੍ਰਿਹ ਦਾ ਵਿਸਲੇਸ਼ਣ | 29–30 |
| ਸੈਣੀ ਸਮਾਚਾਰ | 31 |
| Saini Scholar - Dr. Avneet Saini | 32 |
| Matrimonials | 33-39 |
| ਸੈਣੀ ਭਵਨ ਰੂਪਨਗਰ ਵਿੱਚ ਚਲਦੇ ਕਾਰਜ | 40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਘੁੰਮਣਘੇਰੀ ਵਿੱਚ ਫਸਿਆ ਪੰਜਾਬੀ ਸੱਭਿਆਚਾਰ

ਅਜਮੇਰ ਸਿੰਘ (ਡਾ.)
ਰੂਪਨਗਰ

ਪੰਜਾਬ ਨੂੰ ਸੱਭਿਅਤਾ ਦਾ ਪੰਘੂੜਾ ਕਿਹਾ ਜਾਂਦਾ ਹੈ। ਇਸ ਦੀ ਜਰਖੇਜ਼ ਧਰਤੀ, ਮਿਠਾਸ ਭਰਿਆ ਵਾਤਾਵਰਨ ਅਤੇ ਅੰਮ੍ਰਿਤ ਵਰਗਾ ਪਾਣੀ ਹਰ ਇੱਕ ਨੂੰ ਆਪਣੇ ਵੱਲ ਖਿੱਚਦਾ ਸੀ। ਇੱਥੋਂ ਦੇ ਵਾਸੀ ਇੱਕ ਦੂਜੇ ਲਈ ਜਾਨਾਂ ਵਾਰਦੇ ਸਨ। ਮੁਹੱਬਤ ਦੀ ਨਦੀ ਤੇ ਸੰਗੀਤ ਦਾ ਝਰਨਾ ਵਗਦਾ ਸੀ। ਅਣਖੀਲੇ ਸੁਭਾ ਦੇ ਮਾਲਕ ਪੰਜਾਬੀ ਕਦੇ ਦੁਸ਼ਮਣ ਦੀ ਈਨ ਨਾ ਮੰਨਦੇ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀਆਂ ਕੀਤੀਆਂ ਅਤੇ ਇਸ ਦੇ ਭੁੱਖੇ ਮਰ ਰਹੇ ਲੋਕਾਂ ਦਾ ਢਿੱਡ ਭਰਿਆ। ਪਰ ਹੁਣ ਪੰਜਾਬੀ ਸੱਭਿਆਚਾਰ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਨੇ ਪੰਜਾਬੀਆਂ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਪੰਜਾਬੀਆਂ ਦੀ ਜੀਵਨ ਸ਼ੈਲੀ, ਭੋਜਨ, ਪਾਣੀ, ਲੋੜਾਂ, ਖੇਤੀ, ਵਪਾਰ, ਸੰਗੀਤ, ਆਦਤਾਂ ਸੁਚੇਤ ਅਤੇ ਅਚੇਤ ਰੂਪ ਵਿੱਚ ਬਦਲ ਗਏ ਹਨ। ਪੰਜਾਬ ਦੀ ਧਰਤੀ ਅਤੇ ਮਨੁੱਖੀ ਬੌਧਿਕਤਾ ਬੰਜਰ ਬਣ ਰਹੀ ਹੈ। ਤਕੜੇ ਜੁੱਸੇ ਵਾਲੇ ਪੰਜਾਬੀ ਨੌਜਵਾਨਾਂ ਦਾ ਸੰਕਲਪ ਲੱਗਭੱਗ ਖਤਮ ਹੋ ਚੁੱਕਾ ਹੈ। ਇੱਥੇ ਹੁਣ 'ਊੜਾ' ਤੇ 'ਜੂੜਾ' ਟਾਵਾਂ ਟਾਵਾਂ ਹੀ ਨਜ਼ਰ ਆਉਂਦਾ ਹੈ। ਪੰਜਾਬੀ ਆਪਣੇ ਆਪ ਨੂੰ ਬੇਸਹਾਰਾ, ਸਾਹ-ਸਤਹੀਣ ਸਮਝਣ ਲੱਗਾ ਹੈ। ਦੁਸ਼ਮਣ ਨਾਲ ਦਸਤਪੰਜਾ ਲੈਣ ਵਾਲਾ ਪੰਜਾਬੀ ਖੁਦਕੁਸ਼ੀਆਂ ਵਿੱਚ ਫ਼ਨਾਹ ਹੋ ਰਿਹਾ ਹੈ।

ਇਸ ਸੱਭਿਆਚਾਰਕ ਸੰਕਟ ਨੂੰ ਸਮਝਣ ਦੀ ਅਤਿਅੰਤ ਲੋੜ ਹੈ। ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਪਹਿਲਕਦਮੀ ਹੀ ਪੰਜਾਬ ਦੇ ਅਮੀਰ ਸੱਭਿਆਚਾਰ ਨੂੰ ਮੁੜ ਸਥਾਪਿਤ ਕਰ ਸਕਦੀ ਹੈ। ਸਾਨੂੰ ਉਹ ਕਾਰਨ ਤਲਾਸ਼ ਕਰਨੇ ਪੈਣਗੇ ਜੋ ਇਸ ਸੰਕਟ ਲਈ ਜ਼ਿੰਮੇਵਾਰ ਹਨ। ਇਸ ਲਈ ਸਿਆਸੀ ਤਾਕਤਾਂ, ਕਾਰਪੋਰੇਟ ਮੀਡੀਆ, ਨਵ-ਸਾਮਰਾਜੀ ਸੱਭਿਆਚਾਰ, ਤਕਨੀਕੀ ਕ੍ਰਾਂਤੀ, ਇੰਟਰਨੈਟ, ਸੋਸ਼ਲ ਮੀਡੀਆ ਆਦਿ ਦੇ ਮਹਾਂਜਾਲ ਨੂੰ ਸਮਝਣਾ ਪਏਗਾ।

ਪੰਜਾਬ ਵਿੱਚ ਵਿਸ਼ਵੀਕਰਨ ਹੋਣ ਨਾਲ ਵਿਅਕਤੀਵਾਦ, ਇਕੱਲਤਾ, ਬੇਸਬਰੀ, ਸੁਆਰਥ ਅਤੇ ਮੌਕਾਪ੍ਰਸਤੀ ਦੀਆਂ ਭਾਵਨਾਵਾਂ ਪ੍ਰਫੁੱਲਤ ਹੋਈਆਂ ਹਨ। ਕਾਰਪੋਰੇਟ ਮੀਡੀਆ ਉਦਯੋਗ ਨੇ ਸਾਡੀਆਂ ਮਨੋਬਿਰਤੀਆਂ ਤੇ ਸੱਭਿਆਚਾਰਕ ਗਤੀਵਿਧੀਆਂ 'ਤੇ ਗਲਬਾ ਪਾ ਲਿਆ ਹੈ। ਇਸ ਰਾਹੀਂ ਸਰਮਾਏ ਦੇ ਇਕੱਤਰੀਕਰਨ ਲਈ ਰਾਹ ਸਾਫ਼ ਕੀਤਾ ਜਾ ਰਿਹਾ ਹੈ। ਫ਼ਿਲਮਾਂ, ਟੀ.ਵੀ ਚੈਨਲ, ਖ਼ਬਰਾਂ ਅਤੇ ਇੰਟਰਨੈੱਟ ਬਹੁਤ ਕਰਕੇ ਛਲਾਵੇ ਤੇ ਪਰਪੰਚ ਫੈਲਾ ਰਹੇ ਹਨ ਜਿਸ ਨਾਲ ਸਾਡਾ ਦੇਸੀ ਸੱਭਿਆਚਾਰ ਖਤਮ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ ਸਾਡੀ ਨੌਜਵਾਨ ਪੀੜ੍ਹੀ ਮਾਨਸਿਕ ਵਿਗਾੜਾਂ, ਉਲਾਰਪੁਣਾ, ਵਿਹਲੜਪੁਣਾ ਅਤੇ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋ ਕੇ ਮਨੋਰੋਗੀ ਹੋ ਰਹੀ ਹੈ। ਨੌਜਵਾਨ ਪਾਕੀਜ਼ਗੀ ਤੇ ਇਕਸੁਰਤਾ ਵਾਲੀ ਜ਼ਿੰਦਗੀ ਤੋਂ ਟੁੱਟ ਰਹੇ ਹਨ। ਉਨ੍ਹਾਂ ਨੂੰ ਹਥਿਆਰਾਂ, ਮਹਿੰਗੀਆਂ ਕਾਰਾਂ, ਮੋਟਰਸਾਈਕਲਾਂ ਅਤੇ ਮਹਿੰਗਿਆਂ ਨਸ਼ਿਆਂ ਵੱਲ ਲਗਾ ਕੇ ਮੁਨਾਫ਼ਾ ਕਮਾਇਆ ਜਾ ਰਿਹਾ ਹੈ।

ਬੌਲੀਵੁਡ ਜਾਂ ਪੌਲੀਵੁੱਡ ਵਲੋਂ ਪਰੋਸੀ ਜਾ ਰਹੀ ਨਵੀਂ ਪੰਜਾਬੀ ਗਾਇਕੀ ਨੇ ਨੌਜਵਾਨਾਂ ਵਿੱਚ ਨੰਗੇਜ਼, ਅਸ਼ਲੀਲਤਾ ਅਤੇ ਕੋਹ ਜਿਹੀਆਂ ਬਿਰਤੀਆਂ ਪੈਦਾ ਕੀਤੀਆਂ ਹਨ। ਇਹ ਸੰਗੀਤ ਉਜੱਡ-ਸੱਭਿਆਚਾਰ ਸਿਰਜ ਰਿਹਾ ਹੈ। ਖਪਤ ਸੱਭਿਆਚਾਰ ਨੇ ਖੰਡਿਤ ਮਾਨਸਿਕਤਾ ਪੈਦਾ ਕੀਤੀ ਹੈ। ਇਸ ਵਿਵਸਥਾ ਵਿੱਚ ਅਸੀਂ ਆਪਣੀ ਇਤਿਹਾਸਕ ਚੇਤਨਾ ਤੋਂ ਵਾਂਝੇ ਹੋ ਰਹੇ ਹਾਂ। ਪੂੰਜੀਵਾਦ ਨੇ ਸਾਡੇ ਸੱਭਿਆਚਾਰ ਦੇ ਸਾਰੇ ਰੂਪਾਂ 'ਤੇ ਕਬਜ਼ਾ ਕਰ ਲਿਆ ਹੈ। ਇਸ ਕਾਰਨ ਕੰਪਿਊਟਰ, ਸੋਸ਼ਲ ਸਾਈਟਾਂ ਤੇ ਸੂਚਨਾਤੰਤਰ ਵਧੇਰੇ ਮਹੱਤਵਪੂਰਨ ਬਣ ਗਏ ਹਨ। ਸੂਚਨਾਵਾਂ, ਮਨੋਰੰਜਨ ਦਾ ਕਾਰਜ ਕਰ ਰਹੀਆਂ ਹਨ ਅਤੇ ਇਹ ਮਨੋਰੰਜਨ ਹੀ ਵਪਾਰ ਦਾ ਸਾਧਨ ਬਣ ਗਿਆ ਹੈ। ਇਸ ਨੇ ਸਾਡੇ ਸੱਭਿਆਚਾਰ ਦੇ ਚਿਨ੍ਹਾਂ ਤੇ ਸੁਹਜ ਨੂੰ ਨਿਰਾਰਥਕ ਬਣਾ ਦਿੱਤਾ ਹੈ। ਇਹ ਮਨੋਬਿਰਤੀਆਂ ਹੀ ਸਾਡੇ ਅਵਚੇਤਨ ਨੂੰ ਕੰਟਰੋਲ ਕਰ ਰਹੀਆਂ ਹਨ ਜਿਸ ਨਾਲ ਸਾਡੀ ਜੀਵਨ ਸ਼ੈਲੀ ਬਦਲ ਰਹੀ ਹੈ। ਸਾਡੇ ਮਨਾਂ ਵਿੱਚ ਵਸਤੂਆਂ ਪ੍ਰਤਿ ਲਲਕ ਪੈਦਾ ਕਰਨਾ ਇਸ ਜੀਵਨ ਸੈਲੀ ਦਾ ਮੁੱਖ ਮਕਸਦ ਹੈ। ਸਾਡੇ ਅਵਚੇਤਨ ਨੂੰ ਕਾਬੂ ਕਰ ਕੇ ਮੀਡੀਆ ਉਦਯੋਗ ਨੇ ਸਾਨੂੰ ਲਲਚਾਉਣ ਤੇ ਪਰੋਸਣ ਦਾ ਕੰਮ ਕੀਤਾ ਹੈ। ਇਸ ਨੇ ਸਾਡੇ ਸੱਭਿਆਚਾਰ ਦੇ ਅਰਥ ਕੇਵਲ ਬਨਾਵਟੀ ਆਨੰਦ ਤੀਕ ਹੀ ਸੀਮਿਤ ਕਰ ਦਿੱਤੇ ਹਨ, ਜਿਸ ਨੇ ਸਾਡੇ ਅੰਦਰ ਅਜੀਬ ਕਿਸਮ ਦੇ ਆਨੰਦ ਨੂੰ ਜਨਮ ਦਿੱਤਾ ਹੈ। ਹੁਣ ਉਪਭੋਗ ਦਾ ਆਨੰਦ ਤੇ ਵਿਅਕਤੀਗਤ ਘੁਮੰਡ ਇੱਕ ਦੂਜੇ ਦੇ ਪੂਰਕ ਬਣ ਗਏ ਹਨ। ਅਤਿ ਦਾ ਉਪਭੋਗੀ ਪੰਜਾਬੀ ਬੰਦਾ ਸਮਾਜ, ਸਿਆਸਤ ਤੇ ਹੋਰ ਅਨੇਕਾਂ ਸਮੱਸਿਆਵਾਂ ਬਾਰੇ ਸਵਾਲ ਨਹੀਂ ਉਠਾਉਂਦਾ। ਉਸ ਨੂੰ ਤਾਂ ਸਾਰਾ ਕੁੱਝ ਹੀ ਆਨੰਦਮਈ ਲਗਦਾ ਹੈ। ਪੰਜਾਬੀਆਂ ਵਿੱਚ ਉੱਭਰੇ ਉਪਭੋਗਤਾਵਾਦ ਦਾ ਭੇਦ ਇਸ ਆਨੰਦਮਈ ਵਿਵਸਥਾ ਵਿੱਚ ਹੀ ਛੁਪਿਆ ਹੋਇਆ ਹੈ।

ਪੰਜਾਬੀ ਖਪਤਕਾਰੀ ਵਿਵਸਥਾ ਅਤੇ ਵਿਸ਼ਾਲ ਸੰਚਾਰ ਕ੍ਰਾਂਤੀ ਦੀ ਭਰਮਾਊ ਸ਼ਕਤੀ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਕਰਕੇ ਉਹ ਭਰਮਾਂ, ਛਲਾਵਿਆਂ ਵਿੱਚ ਆ ਕੇ ਆਪਣੇ ਮੂਲ ਤੋਂ ਟੁੱਟ ਗਏ ਹਨ। ਇੱਕੀਵੀ ਸਦੀ ਵਿੱਚ ਨਵੀਂ ਮਸਨੂਈ ਦੁਨੀਆਂ ਵਿੱਚ ਵਿਚਰ ਰਹੇ ਪੰਜਾਬੀ ਲੋਕ ਤਰਕਹੀਣ ਤੇ ਰਹੱਸਮਈ ਸੁਪਨਿਆਂ ਵਿੱਚ ਜਿਉਣ ਦੇ ਆਦੀ ਹੋ ਗਏ ਹਨ। ਇਸੇ ਲਈ ਭ੍ਰਿਸ਼ਟ ਸਮਾਜਿਕ ਯਥਾਰਥ ਨਾਲ ਸਾਹਮਣਾ

ਕਰਨ 'ਤੇ ਉਨ੍ਹਾਂ ਦੇ ਸੁਫਨੇ ਚਕਨਾਚੂਰ ਹੋ ਜਾਂਦੇ ਹਨ ਅਤੇ ਉਹ ਨਿਰਾਸ਼ਤਾ ਨੂੰ ਗਲੇ ਲਗਾ ਲੈਂਦੇ ਹਨ। ਜਦੋਂ ਇਸ ਨਿਰਾਸ਼ਤਾ ਵਿੱਚੋਂ ਨਿਕਲਣ ਦਾ ਕੋਈ ਰਸਤਾ ਨਹੀਂ ਦਿਸਦਾ ਤਾਂ ਉਹ ਜ਼ਿੰਦਗੀ ਨੂੰ ਅਲਵਿਦਾ ਕਹਿ ਦਿੰਦੇ ਹਨ। ਇਸ ਪ੍ਰਕਾਰ ਇਸ ਨਵੀਂ ਸੱਭਿਆਚਾਰਕ ਸਥਿਤੀ ਨੇ ਪੰਜਾਬੀਆਂ ਲਈ ਭਿਆਨਕ ਗੁਲਾਮੀ ਤੇ ਭਰਮਾਂ ਦਾ ਸੰਸਾਰ ਸਿਰਜ ਦਿੱਤਾ ਹੈ ਤੇ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਰਾਹ ਵੀ ਦਿਖਾਈ ਨਹੀਂ ਦਿੰਦਾ।

ਅਸਲ ਵਿੱਚ ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਖਪਤਵਾਦ ਹੀ ਸਮਾਜਕ ਬਣਤਰ ਦਾ ਆਧਾਰ ਬਣ ਗਿਆ ਹੈ। ਪੰਜਾਬੀਆਂ ਦੇ ਵਿਹਾਰ ਨੂੰ ਉਪਭੋਗੀ ਵਸਤੂਆਂ ਰਾਹੀਂ ਨਿਯੰਤਰਣ ਕੀਤਾ ਜਾ ਰਿਹਾ ਹੈ। ਚਕਾਚੌਂਧ ਵਾਲੇ ਸੱਭਿਆਚਾਰ ਵਿੱਚ ਨੈਤਿਕਤਾ ਕਿਤੇ ਗੁਆਚ ਹੀ ਗਈ ਹੈ। ਬੇਲੋੜੀਆਂ ਵਸਤਾਂ ਦੀ ਉਪਭੋਗਤਾ ਸਾਡੀ ਸਮਾਜਿਕ ਹੈਸੀਅਤ ਨੂੰ ਨਿਰਧਾਰਿਤ ਕਰ ਰਹੀ ਹੈ। ਹੁਣ ਪੰਜਾਬੀਆਂ ਦਾ ਵਿਹਾਰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਨਿਰਧਾਰਿਤ ਨਹੀਂ ਕਰਦੀਆਂ, ਸਗੋਂ ਉਪਭੋਗੀ ਵਸਤਾਂ ਹੀ ਉਨ੍ਹਾਂ ਦੇ ਵਿਹਾਰ ਨੂੰ ਨਿਯਤ ਕਰਦੀਆਂ ਹਨ। ਉੱਪਭੋਗੀ ਬਿਰਤੀਆਂ ਕਾਰਨ ਹੀ ਪੰਜਾਬ ਦਾ ਬੌਧਿਕ ਤਬਕਾ ਸਿਆਸੀ ਗਤੀਵਿਧੀਆਂ ਤੋਂ ਸੱਖਣਾ ਹੋ ਗਿਆ ਹੈ। ਬੌਧਿਕ ਕੰਗਾਲੀ ਦੇ ਇਸ ਸਮੇਂ ਨੇ ਤਰਕਹੀਣ ਸੋਚ ਨੂੰ ਅਪਣਾ ਲਿਆ ਹੈ।

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਸਿਉਂਕ ਨੇ ਖਾ ਲਿਆ ਹੈ। ਕਿਰਤ ਦਾ ਸੰਕਲਪ ਖ਼ਤਮ ਹੋ ਰਿਹਾ ਹੈ। ਗੈਰ-ਪੰਜਾਬੀਆਂ ਦੀ ਆਮਦ ਕਾਰਨ ਪੈਦਾ ਹੋਏ ਮਾਹੌਲ ਦੇ ਸਿੱਟੇ ਆਉਂਣੇ ਸ਼ੁਰੂ ਹੋ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਵਿਦੇਸ਼ਾਂ ਨੂੰ ਦੌੜ ਰਹੇ ਹਨ। ਬੇਰੁਜ਼ਗਾਰੀ ਲਗਾਤਾਰ ਵਧਦੀ ਜਾ ਰਹੀ ਹੈ। ਲੋਕ ਪੈਸੇ ਦੀ ਦੌੜ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਪੰਜਾਬ ਵਿੱਚ ਫ਼ਸਲਾਂ ਦੀ ਥਾਂ ਵੱਡੀਆਂ-ਵੱਡੀਆਂ ਇਮਾਰਤਾਂ ਦਾ ਜੰਗਲ ਉੱਗ ਆਇਆ ਹੈ। ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਪਰ ਗਰੀਬ ਦਾ ਜਿਉਣਾ ਦੁੱਭਰ ਹੋ ਰਿਹਾ ਹੈ ਕਿਉਂਕਿ ਰੋਜ਼ਾਨਾਂ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਜ਼ਿਆਦਾਤਰ ਸਿਆਸੀ ਪਾਰਟੀਆਂ ਤਾਂ ਬਹੁਕੌਮੀ ਕੰਪਨੀਆਂ ਦੀਆਂ ਦਲਾਲ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਤੌਂ ਪੰਜਾਬ ਨੂੰ ਬਚਾਈ ਰੱਖਣ ਦੀ ਆਸ ਕਰਨੀ ਵੱਡੀ ਭੁੱਲ ਹੈ। ਬਹੁਕੌਮੀ ਕੰਪਨੀਆਂ ਨੇ ਲੁੱਟ ਮਚਾਈ ਹੋਈ ਹੈ। ਇਲੈਕਟ੍ਰਿਕ ਮੀਡੀਆ ਅਤੇ ਮੋਬਾਈਲ ਫੋਨ ਪੰਜਾਬ ਨੂੰ ਨਸ਼ਿਆਂ ਅਤੇ ਦੇਹ ਦੀ ਮੰਡੀ ਵਿੱਚ ਤਬਦੀਲ ਕਰ ਰਹੇ ਹਨ। ਪੰਜਾਬ ਦਾ ਅਣਖੀਲਾ ਤੇ ਗੁਰੀਲਾ ਸੁਭਾਅ ਖੰਭ ਲਾ ਕੇ ਉਡ ਗਿਆ ਹੈ। ਹੁਣ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ। ਧਰਤੀ ਹੇਠਲਾ ਪਾਣੀ ਪਹੁੰਚ ਤੋਂ ਦੂਰ ਹੋ ਰਿਹਾ ਹੈ, ਜੋ ਪਾਣੀ ਮਿਲਦਾ ਹੈ ਉਹ ਵੀ ਜ਼ਹਿਰੀਲਾ ਹੈ। ਜ਼ਹਿਰੀਲੀਆਂ ਦਵਾਈਆਂ ਦੇ ਅੰਸ਼ ਭੋਜਨ ਲੜੀ ਵਿੱਚ ਸ਼ਾਮਲ ਹੋ ਕੇ ਪੰਜਾਬੀਆਂ ਦੇ ਸਰੀਰਾਂ ਨੂੰ ਲਾਇਲਾਜ ਬਿਮਾਰੀਆਂ ਲਾ ਰਹੇ ਹਨ।

ਅੱਜ ਸਾਨੂੰ ਸਭ ਪੰਜਾਬੀਆਂ ਨੂੰ ਸੋਚਣ ਦੀ ਲੋੜ ਹੈ ਕਿ ਆਪਣੇ ਸੁਹਣੇ ਪੰਜਾਬ ਨੂੰ ਖੋਖਲਾ ਹੋਣ ਤੋਂ ਬਚਾਈਏ। ਇਸ ਅਤਿ ਜ਼ਰੂਰੀ ਅਤੇ ਅਹਿਮ ਕੰਮ ਲਈ ਕਿਸੇ ਪੀਰ ਪੈਗੰਬਰ ਨੇ ਨਹੀਂ ਆਉਣਾ ਸਗੋਂ ਸਾਨੂੰ ਖੁਦ ਕੁੱਝ ਕਰਨਾ ਪਵੇਗਾ। ਜੇ ਅਸੀਂ ਹੁਣ ਨਾ ਸੰਭਲੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਨੂੰ ਘੁੰਮਣਘੇਰੀ ਵਿੱਚੋਂ ਕੱਢਣ ਲਈ ਰਲ਼ ਕੇ ਹੰਭਲਾ ਮਾਰੀਏ।

ਅੱਜ ਕਿਉਂ ਮਿਲ ਜੁਲ ਕੇ ਬਹਿੰਦੇ ਨਹੀਂ,
ਕਦੇ ਦਿਲ ਦੀ ਖੁਲ੍ਹ ਕੇ ਕਹਿੰਦੇ ਨਹੀਂ,
ਸੱਚੇ ਦੀ ਸੁਣ ਕੇ ਸਹਿੰਦੇ ਨਹੀਂ,
ਕਿਸੇ ਪਾਸੇ ਮੈਨੂੰ ਦਿਸਦਾ ਨਹੀਂ,
ਅੱਜ ਕਿੱਥੇ ਪਿਆਰ-ਦੁਲਾਰ ਗਿਆ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਓਂ ਸੱਭਿਆਚਾਰ ਗਿਆ।

❊ ❊ ❊ ❊ ❊



## ਕਵਿਤਾ-ਆਜ਼ਾਦੀ

**ਸ਼ਮਿੰਦਰ ਸਿੰਘ**

ਰੋਕਣ ਵਾਲਾ ਕੋਈ ਨਾ ਹੋਵੇ,
ਦੋਵੇਂ ਹੱਥੀਂ ਲੁੱਟ ਸਕੀਏ,
ਬੱਸ ਇਸ ਦਾ ਨਾਮ ਆਜ਼ਾਦੀ ਹੈ।

ਟੋਕਣ ਵਾਲਾ ਕੋਈ ਨਾ ਹੋਵੇ,
ਜੋ ਦਿਸਦੀ ਸ਼ੈ ਵੇਚ ਓਹ ਸਕੀਏ,
ਬੱਸ ਇਸ ਦਾ ਨਾਮ ਆਜ਼ਾਦੀ ਹੈ।

ਬੈਂਕਾਂ ਤੋਂ ਵੱਡਾ ਕਰਜ਼ਾ ਲੈ ਕੇ,
ਮੋੜਨਾ ਛੱਡ ਵਿਦੇਸ਼ ਜਾ ਸਕੀਏ,
ਬੱਸ ਇਸ ਦਾ ਨਾਮ ਆਜ਼ਾਦੀ ਹੈ।

ਅਨਪੜ੍ਹ ਸੱਤਾ ਵਿੱਚ ਲਿਆ ਕੇ,
ਨਾਹਰਾ ਵਿਸ਼ਵ ਗੁਰੂ ਲਾ ਸਕੀਏ,
ਬੱਸ ਇਸ ਦਾ ਨਾਮ ਆਜ਼ਾਦੀ ਹੈ।

'ਭੱਕੂ ਮਾਜਰਾ' ਬਹਿ ਨੇਰ੍ਹੇ ਵਿੱਚ,
ਚਾਨਣ ਦਾ ਲੰਗਰ ਲਾ ਸਕੀਏ,
ਬੱਸ ਇਸ ਦਾ ਨਾਮ ਆਜ਼ਾਦੀ ਹੈ।

## ਜੁਲਾਈ – ਸਤੰਬਰ 2024 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਮੈਗਜ਼ੀਨ ਸੈਣੀ ਸੰਸਾਰ ਦੇ 53ਵੇਂ ਅੰਕ ਦਾ ਲੋਕਅਰਪਣ :**

ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸਮਾਜ ਸੇਵੀ ਕਾਰਜਾਂ ਦੇ ਨਾਨ ਨਾਲ ਮੈਗਜ਼ੀਨ 'ਸੈਣੀ ਸੰਸਾਰ' ਪ੍ਰਕਾਸ਼ਿਤ ਕਰ ਕੇ ਲੋਕਾਂ ਅੰਦਰ ਸਮਾਜਿਕ ਚੇਤਨਾ ਨੂੰ ਉਜਾਗਰ ਕਰਨ ਲਈ ਇੱਕ ਬਹੁਤ ਹੀ ਵਧੀਆ ਉਪਰਾਲਾ ਕੀਤਾ ਜਾ ਰਿਹਾ ਹੈ। ਇਹ ਕਾਰਜ ਅਧੀਨ 6 ਜੁਲਾਈ, 2024 ਨੂੰ ਮੈਗਜ਼ੀਨ ਦੇ 53ਵੇਂ ਅੰਕ ਦਾ ਲੋਕਅਰਪਣ ਕੀਤਾ ਗਿਆ। ਇਸ ਰਸਮ ਨੂੰ ਸੇਵਾਮੁਕਤ ਫਲਾਇਟ ਲੈਫ. ਤਰਲੋਚਨ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਨਿਭਾਇਆ। ਉਨ੍ਹਾਂ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਇਸ ਮੈਗਜ਼ੀਨ ਵਿੱਚ ਵੱਖ ਵੱਖ ਖੇਤਰਾਂ ਨਾਲ ਸਬੰਧਿਤ ਉਸਾਰੂ ਸਾਹਿੱਤ ਪੜ੍ਹਨ ਨੂੰ ਮਿਲਦਾ ਹੈ। ਉਨ੍ਹਾਂ ਨੇ ਸੈਣੀ ਭਵਨ ਦੇ ਕਾਰਜਾਂ ਦੀ ਸਲਾਹੁਣਾ ਕਰਦਿਆਂ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਲਈ 21 ਹਜ਼ਾਰ ਰੁਪਏ ਦਾਨ ਦਿੱਤੇ। ਇਸ ਮੌਕੇ ਬੋਲਦਿਆਂ ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸੰਸਥਾ ਦੇ ਕਾਰਜਾਂ 'ਤੇ ਚਾਨਣਾ ਪਾਉਂਦਿਆਂ ਲੋਕਾਂ ਨੂੰ ਇਨ੍ਹਾਂ ਵਿਚ ਸ਼ਾਮਲ ਹੋਣ ਅਤੇ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਸਮਾਗਮ ਨੂੰ ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ, ਸੀਨੀਅਰ ਮੀਤ ਪ੍ਰਧਾਨ ਗੁਰਮੁਖ ਸਿੰਘ ਸੈਣੀ ਅਤੇ ਪੀਆਰਓ ਰਾਜਿੰਦਰ ਸਿੰਘ ਸੈਣੀ ਨੇ ਵੀ ਸੰਬੋਧਿਤ ਕੀਤਾ। ਇਸ ਮੌਕੇ ਸੈਣੀ ਭਵਨ ਦੀ ਸਮੁੱਚੀ ਪ੍ਰਬੰਧਕੀ ਕਮੇਟੀ ਦੇ ਮੈਬਰ ਸਰਵਸ਼੍ਰੀ ਹਰਜੀਤ ਸਿੰਘ ਸੈਣੀ, ਰਾਮ ਸਿੰਘ ਸੈਣੀ, ਰਾਜਿੰਦਰ ਸਿੰਘ ਨਨੂਆਂ, ਰਾਜਿੰਦਰ ਸਿੰਘ ਗਿਰਨ, ਡਾ. ਹਰਚਰਨ ਦਾਸ, ਅਮਰਜੀਤ ਸਿੰਘ, ਸੁਰਿੰਦਰ ਸਿੰਘ, ਹਾਕਮ ਸਿੰਘ , ਬਹਾਦੁਰਜੀਤ ਸਿੰਘ, ਗੁਰਮੁਖ ਸਿੰਘ ਲੌਂਗੀਆ, ਡਾ.ਜਸਵੰਤ ਕੌਰ, ਦਲਜੀਤ ਸਿੰਘ, ਜਗਦੇਵ ਸਿੰਘ, ਤੋਂ ਇਲਾਵਾ ਜਸਪਾਲ ਸਿੰਘ ਜੀ ਐਮ ਤਕਨਾਲੋਜੀ ਸਵਰਾਜ ਮਾਜਦਾ, ਰੋਟਰੀ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ, ਅਮਨਦੀਪ ਸਿੰਘ ਨਨੂਆਂ, ਐਡ.ਹਰਸਿਮਰਨ ਸਿੰਘ ਸਿੱਟਾ, ਇੰਜ. ਕਰਨੈਲ ਸਿੰਘ, ਬੀ.ਐਸ.ਸੈਣੀ, ਹਰਜੀਤ ਸਿੰਘ ਲੌਂਗੀਆ, ਰਿਟਾ. ਪ੍ਰਿੰਸੀਪਲ ਰਾਵਿੰਦਰ ਕੌਰ ਅਤੇ ਇੰਨਰਵੀਲ੍ਹ ਕਲੱਬ ਦੇ ਪ੍ਰਧਾਨ ਬਲਵਿੰਦਰ ਕੌਰ, ਸ. ਪ੍ਰਿਤਪਾਲ ਸਿੰਘ, ਸ. ਹਰਜੀਤ ਸਿੰਘ ਗਿਰਨ ਆਦਿ ਹਾਜ਼ਰ ਸਨ।

**ਖੂਨਦਾਨ ਕੈਂਪ ਦਾ ਆਯੋਜਨ**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ(ਰਜਿ.) ਵਲੋਂ 6 ਜੁਲਾਈ, 2024 ਨੂੰ ਸੈਣੀ ਭਵਨ ਵਿੱਚ 22ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਵਲੋਂ 55 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਰਜਨੀ ਹਰਬਲਜ਼ ਮਲਕਪੁਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੋਪੜ, ਇੰਨਰਵ੍ਹੀਲ ਕਲੱਬ, ਰੋਟਰੀ ਕਲੱਬ ਅਤੇ ਰਾਕ ਸਟਾਰ ਨੇ ਵਿਤੀ ਸਹਾਇਤਾ ਅਤੇ ਹੋਰ ਯੋਗਦਾਨ ਦਿੱਤਾ। ਇਸ ਕੈਂਪ ਦਾ ਉਦਘਾਟਨ ਰੂਪਨਗਰ ਸ਼ਹਿਰ ਦੀ ਉੱਘੀ ਸਮਾਜਸੇਵੀ ਅਤੇ ਸੇਵਾਮੁਕਤ ਲੈਕਚਰਾਰ ਪਰਮਿੰਦਰ ਕੌਰ ਪੰਦੋਹਲ ਨੇ ਕੀਤਾ। ਉਨ੍ਹਾਂ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਮਾਨਵ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਲਈ ਵਧਾਈ ਦਿੱਤ ੀਅਤੇ ਨੇਕ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਮਾਲੀ ਮਦਦ ਵੀ ਕੀਤੀ। ਕੈਂਪ ਦੌਰਾਨ ਡਾ. ਇਕਬਾਲ ਸਿੰਘ ਨੇ 50ਵੀਂ ਵਾਰ, ਮਨਜੀਤ ਸਿੰਘ ਤੰਬੜ ਨੇ 32ਵੀਂ ਵਾਰ, ਅਮਿਤ ਸੈਣੀ ਨੇ 27ਵੀਂ ਵਾਰ, ਕੰਵਰਜੀਤ ਸਿੰਘ ਸੈਣੀ ਨੇ 25ਵੀਂ ਵਾਰ, ਚਰਨਦੀਪ ਸਿੰਘ ਚੈਰੀ ਨੇ 24ਵੀਂ ਵਾਰ, ਗੁਰਮੀਤ ਸਿੰਘ ਨੇ 20ਵੀਂ ਵਾਰ, ਅਵਿਸ਼ੇਕ ਸੈਣੀ ਨੇ 15ਵੀਂ ਵਾਰ ਅਤੇ ਚਰਨਜੀਤ ਸਿੰਘ ਤੰਬੜ ਤੇ ਦੀਪਾਲੀ ਵਰਮਾ ਨੇ ਖ਼ੂਨ ਦਾਨ ਕੀਤਾ। ਇਸ ਕੈਂਪ ਸਮੇਂ ਵਿਸ਼ੇਸ਼ ਤੌਰ 'ਤੇ ਤਿੰਨ ਔਰਤਾਂ ਨੇ ਖ਼ੂਨ ਦਾਨ ਵੀ ਕੀਤਾ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਬਲੱਡ ਡੋਨਰ ਦਲਜੀਤ ਸਿੰਘ, ਰੁਪਿੰਦਰ ਸਿੰਘ, ਨੈਂਸੀ ਗੁਪਤਾ ਅਤੇ ਦਿਸ਼ਾ ਸੈਣੀ ਨੇ ਮਹੱਤਵਪੂਰਨ ਕਾਰਜ ਕੀਤਾ। ਇਸ ਸਮੇਂ ਸੈਣੀ ਭਵਨ ਰੂਪਨਗਰ ਦੀ ਸਮੁੱਚੀ ਪ੍ਰਬੰਧਕੀ ਟੀਮ ਸਮੇਤ ਸ਼ਹਿਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ।

**ਸੈਣੀ ਭਵਨ ਦੇ ਟਰੱਸਟੀ ਕੈਪ.ਹਾਕਮ ਸਿੰਘ ਦਾ 90ਵਾਂ ਜਨਮ ਦਿਨ ਮਨਾਇਆ**

ਸੈਣੀ ਭਵਨ ਵਿਖੇ ਲੰਬੇ ਸਮੇਂ ਤੋਂ ਬਤੌਰ ਟਰੱਸਟੀ ਨਿਸ਼ਕਾਮ ਸੇਵਾ ਨਿਭਾ ਰਹੇ ਕੈਪ ਹਾਕਮ ਸਿੰਘ ਦਾ 90ਵਾਂ ਜਨਮ ਦਿਨ 6 ਜੁਲਾਈ,2024 ਨੂੰ ਸੈਣੀ ਭਵਨ ਵਿਖੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰ ਅਤੇ ਹਾਕਮ ਸਿੰਘ ਦੇ ਪਰਿਵਾਰ ਦੇ ਸਾਰੇ ਮੈਂਬਰ ਹਾਜ਼ਰ ਸਨ। ਇਸ ਦਿਨ ਸੈਣੀ ਭਵਨ ਵਿੱਚ ਖ਼ੂਨਦਾਨ ਕੈਂਪ ਅਤੇ ਮੈਗਜ਼ੀਨ ਦੇ ਰਿਲੀਜ਼ ਸਮਾਰੋਹ ਕਾਰਨ ਕਾਫੀ ਚਹਿਲ ਪਹਿਲ ਸੀ। ਇਸ ਮੌਕੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ ਅਤੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਉਨ੍ਹਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਸਨਮਾਨ ਪੱਤਰ ਭੇਟ ਕੀਤਾ ਗਿਆ। ਸਭ ਹਾਜ਼ਰੀਨ ਨੇ ਕੈਪਟਨ ਹਾਕਮ ਸਿੰਘ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਸਿਹਤਯਾਬੀ ਤੇ ਲੰਬੀ ਉਮਰ ਲਈ ਅਰਦਾਸ ਕੀਤੀ। ਇਸ ਮੌਕੇ ਗੁਰੂ ਨਾਨਕ ਟੈਂਟ ਸਰਵਿਸ ਦੇ ਮਾਲਕ, ਕੈਪਟਨ ਸਾਹਬ ਦੇ ਸਪੁੱਤਰ ਸ. ਗੁਰਿੰਦਰ ਸਿੰਘ ਟੋਨੀ ਨੇ ਆਪਣੇ ਪਿਤਾ ਦੇ 90ਵੇਂ ਜਨਮ ਦਿਨ ਦੀ ਖੁਸ਼ੀ ਵਿੱਚ 11 ਹਜ਼ਾਰ ਰੁਪਏ ਸੈਣੀ ਭਵਨ ਨੂੰ ਦਾਨ ਕੀਤੇ।

## ਤੀਆਂ ਮਨਾਈਆਂ

ਸੈਣੀ ਭਵਨ, ਰੂਪਨਗਰ ਵਿਚ ਸਿਲਾਈ ਕਢਾਈ ਸੈਂਟਰ, ਕੰਪਿਊਟਰ ਸੈਂਟਰ ਅਤੇ ਬਿਊਟੀਸ਼ਨ ਸੈਂਟਰ ਦੀਆਂ ਸਿਖਿਆਰਥਣਾਂ ਵਲੋਂ ਮਿਲ ਕੇ ਹਰ ਸਾਲ ਦੀ ਤਰ੍ਹਾਂ ਪੰਜਾਬੀ ਸਭਿਆਚਾਰ ਦੀ ਪ੍ਰਤੀਕ ਤੀਆਂ ਡਾ: ਅਜਮੇਰ ਸਿੰਘ, ਪ੍ਰਧਾਨ, ਸੈਣੀ ਭਵਨ ਦੀ ਅਗਵਾਈ ਵਿਚ ਤੀਆਂ ਮਨਾਈਆਂ ਗਈਆਂ। ਅੱਜ ਦੇ ਤੀਆਂ ਦੇ ਸਮਾਗਮ ਵਿੱਚ ਸ੍ਰ: ਪਰਮਿੰਦਰ ਸਿੰਘ, ਏ.ਆਈ.ਜੀ, ਮੱਧ ਪ੍ਰਦੇਸ਼ ਪੁਲਿਸ, ਭੁਪਾਲ ਵਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾ ਨਾਲ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਗੁਰਮੀਤ ਕੌਰ ਵੀ ਮੌਜੂਦ ਸਨ। ਏ.ਆਈ.ਜੀ, ਪਰਮਿੰਦਰ ਸਿੰਘ ਵਲੋਂ ਬੱਚਿਆਂ ਨੂੰ ਕਿੱਤਾ ਮੁੱਖੀ ਸਿੱਖਿਆ ਮੁਹੱਈਆਂ ਕਰਨ ਦੇ ਨਾਲ ਨਾਲ ਸੱਭਿਆਚਾਰ ਨਾਲ ਜੋੜੇ ਜਾਣ ਦੀ ਸੈਣੀ ਭਵਨ ਦੇ ਪ੍ਰਬੰਧਕਾਂ ਦੀ ਸਰਾਹਨਾ ਕੀਤੀ ਗਈ। ਉਨ੍ਹਾਂ ਨੇ ਸੈਣੀਭਵਨ ਨੂੰ 5100 ਰੁਪਏ ਦੀ ਵਿਤੀ ਸਹਾਇਤਾ ਦਿੱਤੀ। ਡਾ.ਅਜਮੇਰ ਸਿੰਘ ਪ੍ਰਧਾਨ, ਰਾਜਿੰਦਰ ਸਿੰਘ ਨੰਨੂਆਂ ਐਕਟਿੰਗ ਪ੍ਰਧਾਨ ਅਤੇ ਟਰੱਸਟੀਜ਼ ਵਲੋਂ ਮੁੱਖ ਮਹਿਮਾਨ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਮਨਪ੍ਰੀਤ, ਰਾਣੀ, ਗੁਰਪ੍ਰੀਤ, ਗੁਰਵਿੰਦਰ, ਮਨੀਸ਼ਾ ਅਤੇ ਹੋਰ ਸਿੱਖਿਆਰਥਣਾਂ ਨੇ ਵਿਅਕਤੀਗਤ ਅਤੇ ਸਮੂਹਕ ਤੌਰ 'ਤੇ ਗਿੱਧੇ ਦੀਆਂ ਪੇਸ਼ਕਾਰੀਆਂ ਨਾਲ ਸ੍ਰੋਤਿਆਂ ਦਾ ਮਨ ਮੋਹ ਲਿਆ। ਤੀਆਂ ਦੇ ਇਸ ਸਮਾਗਮ ਵਿਚ ਮੈਡਮ ਬਲਵਿੰਦਰ ਕੌਰ, ਪ੍ਰਧਾਨ ਇਨਰਵੀਲ ਕਲੱਬ ਦੀ ਅਗਵਾਈ ਵਿਚ ਇਸ ਦੀਆਂ ਮੈਬਰਜ਼ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਕਲਾਕਾਰ ਸਿਖਿਆਰਥਣਾ ਦੀ ਹੌਸਲਾਅਫ਼ਜ਼ਾਈ ਲਈ ਨਗਦ ਰਾਸ਼ੀ ਦਿੱਤੀ। ਮੈਡਮ ਸੁਮਨ ਤਿਆਗੀ, ਰਮੇਸ਼ ਥਾਪਰ, ਪਰਮਿੰਦਰ ਕੌਰ ਪੰਦੋਹਲ, ਗੁਰਮੀਤ ਕੌਰ, ਵਲੋਂ ਲੋਕ ਗੀਤ ਸੁਣਾ ਕੇ ਰੰਗ ਬੰਨ੍ਹ ਦਿੱਤਾ ਗਿਆ। ਇਨਰਵੀਲ ਕਲੱਬ ਵਲੋਂ ਸੈਣੀ ਭਵਨ ਦੀਆਂ ਸਿਲਾਈ ਕਢਾਈ ਸੈਂਟਰ ਦੀਆਂ ਪੰਜ ਸਿਖਿਆਰਥਣਾ ਦੀ ਫੀਸ ਦੇਣ ਦਾ ਐਲਾਨ ਵੀ ਕੀਤਾ ਗਿਆ। ਮੁੱਖ ਮਹਿਮਾਨ ਵਲੋਂ ਇੰਨਰਵੀਲ ਕਲੱਬ ਦੇ ਮੈਬਰਜ਼ ਅਤੇ ਸਿਖਿਆਰਥਣਾ ਨੂੰ ਸਨਮਾਨਿਤ ਕੀਤਾ ਗਿਆ। ਸ੍ਰੀ ਜਗਦੇਵ ਸਿੰਘ, ਟਰੱਸਟੀ ਵਲੋਂ ਸਾਰੇ ਹਾਜਰੀਨ ਲਈ ਸਾਫਟ ਡ੍ਰਿੰਕਸ ਅਤੇ ਸਨੈਕਸ਼ ਦਾ ਪ੍ਰਬੰਧ ਕੀਤਾ ਗਿਆ। ਉਨ੍ਹਾਂ ਨੂੰ ਸੈਣੀ ਭਵਨ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ

ਸਮਾਗਮ ਨੂੰ ਡਾ: ਜਸਵੰਤ ਕੌਰ, ਪਰਮਿੰਦਰ ਕੌਰ ਪੰਦੋਹਲ, ਭਗਵੰਤ ਕੌਰ, ਅਮਰਜੀਤ ਸਿੰਘ ਸੈਣੀ ਵਲੋਂ ਸੰਬੋਧਨ ਕੀਤਾ ਗਿਆ ਅਤੇ ਸਮਾਗਮ ਦੀ ਕਾਮਯਾਬੀ ਲਈ ਵਧਾਈ ਦਿੱਤੀ ਗਈ। ਇਸ ਮੌਕੇ ਤੇ ਡਾ: ਹਰਚਰਨ ਦਾਸ, ਸਾਬਕਾ ਡੀ.ਈ.ਓ. ਅਤੇ ਸ. ਗੁਰਮੁੱਖ ਸਿੰਘ ਸੈਣੀ, ਅਤੇ ਮੈਡਮ ਪ੍ਰਤਿਭਾ ਸੈਣੀ ਨੇ ਸੈਣੀ ਭਵਨ ਨੂੰ 1100-1100 ਰੁਪਏ ਦਾਨ ਦਿੱਤੇ। ਰਾਮ ਸਿੰਘ ਸੈਣੀ, ਹਰਜੀਤ ਸਿੰਘ ਸੈਣੀ, ਦਲਜੀਤ ਸਿੰਘ, ਜਗਦੇਵ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਦੀਪ ਸਿੰਘ, ਹਰਜੀਤ ਸਿੰਘ ਗਿਰਨ, ਪ੍ਰਿੰਸੀਪਲ ਰਵਿੰਦਰ ਕੌਰ (ਰਿਟਾ), ਆਦਿ ਹਾਜਰ ਸਨ। ਟਰੱਸਟੀਜ਼ ਸ. ਰਾਮ ਸਿੰਘ ਸੈਣੀ ਅਤੇ ਸ. ਅਮਰਜੀਤ ਸਿੰਘ ਨੇ ਕਲਾਕਾਰਾਂ ਦੀ ਹੌਸਲਾਅਫ਼ਜ਼ਾਈ ਲਈ ਮਾਇਆ ਦਾਨ ਦਿੱਤੀ। ਅੰਤ ਵਿੱਚ ਸਭ ਨੇ ਮਿਲ ਕੇ ਗਿੱਧਾ ਪਾਇਆ ਅਤੇ ਰਿਫਰੈਸ਼ਮੈਂਟ ਦਾ ਆਨੰਦ ਮਾਣਿਆ।

* * * * *

## ਦੂਜੇ ਵਿਸ਼ਵ ਯੁੱਧ ਦੇ ਸੈਣੀ ਸੈਨਿਕ ਦਾ 100ਵਾਂ ਜਨਮ ਦਿਨ ਮਨਾਇਆ



ਰੂਪਨਗਰ ਜ਼ਿਲ੍ਹੇ ਦੇ ਪਿੰਡ ਰਾਮਪੁਰ ਡੇਕਵਾਲਾ ਦੇ ਵਸਨੀਕ ਲਾਂਸ ਨਾਇਕ (ਰਿਟਾ.) ਸ.ਚਰਨ ਸਿੰਘ ਸੈਣੀ ਦਾ 100ਵਾਂ ਜਨਮ ਦਿਨ 8 ਸਤੰਬਰ, 2024 ਨੂੰ ਉਨ੍ਹਾਂ ਦੇ ਘਰ ਵਿਖੇ ਮਨਾਇਆ ਗਿਆ। ਇਸ ਸਮੇਂ ਸੈਨਾ ਦੇ ਬ੍ਰਿਗੇਡੀਅਰ ਨੇ ਉਨ੍ਹਾਂ ਨੂੰ ਵਧਾਈ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ. ਚਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡਵਾਸੀਆਂ ਤੋਂ ਇਲਾਵਾ ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ ਸ. ਕੁਲਵੰਤ ਸਿੰਘ, ਸੈਣੀ ਭਵਨ ਰੂਪਨਗਰ ਦੇ ਟਰੱਸਟੀ ਸ. ਰਾਜਿੰਦਰ ਸਿੰਘ ਨਨੂੰਆਂ ਅਤੇ ਸਾਬਕਾ ਡਿਪਟੀ ਐਡਵੋਕੇਟ ਜਨਰਲ ਸ. ਹਰਸਿਮਰ ਸਿੰਘ ਸਿੱਟਾ ਮੌਜੂਦ ਸਨ। ਸ. ਚਰਨ ਸਿੰਘ ਨੂੰ ਸ਼ਾਲ ਅਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ। ਵਰਣਨਯੋਗ ਹੈ ਕਿ ਸ. ਚਰਨ ਸਿੰਘ 1942 ਵਿੱਚ ਭਾਰਤੀ ਥਲ ਸੈਨਾ ਵਿੱਚ ਭਰਤੀ ਹੋਏ ਸਨ ਅਤੇ ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਬਰਮਾ ਅਤੇ ਸਿੰਘਾਪੁਰ ਵਿੱਚ ਸੇਵਾ ਨਿਭਾਈ ਸੀ। ਉਨ੍ਹਾਂ ਪਾਸ ਇਸ ਯੁੱਧ ਦੀਆਂ ਬਹੁਮੁੱਲੀਆਂ ਤਸਵੀਰਾਂ ਮੌਜੂਦ ਹਨ। ਸਾਰਿਆਂ ਨੇ ਇਸ ਬਜ਼ੁਰਗ ਯੋਧੇ ਦੀ ਲੰਬੀ ਉਮਰ ਦੀ ਕਾਮਨਾ ਕੀਤੀ।

* * * * *

## ਵਧਾਈ



ਰੂਪਨਗਰ ਦੇ ਨਜ਼ਦੀਕੀ ਪਿੰਡ ਸੈਣੀ ਪਰਿਵਾਰ ਦੇ ਨੌਜਵਾਨ ਲਿਖਾਰੀ ਸਤਬੀਰ ਸਿੰਘ ਸਪੁੱਤਰ ਸ. ਅਮਰਜੀਤ ਸਿੰਘ ਨੇ ਦੂਜਾ ਨਾਵਲ "ਕੁਦਰਤ ਦੇ ਭੋਲ਼ੇ ਬੰਪਰ" ਨੂੰ ਪ੍ਰਕਾਸ਼ਿਤ ਕਰਵਾਇਆ ਹੈ। ਉਸਨੇ ਪਹਿਲਾਂ ਨਾਵਲ 'ਖਜ਼ਾਨਾ ਰੋਡਵੇਜ਼' ਵੀ ਲਿਖਿਆ ਹੋਇਆ ਹੈ।



ਅਮਰਜੀਤ ਸਿੰਘ
ਸੈਣੀ ਭਵਨ ਰੂਪਨਗਰ

## Donors of Saini Bhawan During the Months, July-Sep. 2024

**A) To Kaka Ram Saini Charitable Trust for the Welfare of Saini Bradri-**

**1. S. Gurinder Singh Toni** S/o S. Hakam Singh M/s Guru Nanak Tent House, Rupnagar= Rs. 11000/ on the 91st. Birthday of his father.

**2. S. Harjit Singh Saini** Trustee Saini Bhawan, # 446, Giani Zail Singh Nagar Rupnagar for Completion of undercontruction hall of Saini Bhawan= Rs.11000/

**3. S. Parminder Singh S.P.** Madhya Pardesh # Bhopal = Rs. 5100/, on the occasion of Teej Celebration in Saini Bhawan

**4. Innerwheel Club Rupnagar**= Rs.3100/ ,for Blood Donation Camp in Saini Bhawan

**5. Mrs. Perminder Kaur Pandohal** w/o S. Tarlochan Singh, G.Z.S. Nagar, Rs. 3100/-

**6. Rotary Club Rupnagar**= Rs.3100/ , for Blood Donation Camp in Saini Bhawan

**7. S.Gurmukh Singh Saini,** Trustee Saini Bhawan, Rupnagar= Rs.1100/ for celebration of Teej Festival in Saini Bhawan

**8. Dr. Harcharan Dass Sair,** Trustee Saini Bhawan, Rupnagar= Rs.1100/ for celebration of Teej Festival in Saini Bhawan

**9. Mrs. Pratibha Saini** D/O Er. Chander Shekhar # Rupnagar =Rs.1100/ for celebration of Teej Festival in Saini Bhawan.

**10.Dr. Ajmer Singh** ,President Saini Bhawan , Rupnagar= Rs.1000/ for celebration of Teej Festival in Saini Bhawan.

**11. Mrs. Bhagwant Kaur** W/O S. Balwant Singh Bala # Rupnagar Rs. 500/- for celebration of Teej Festival in Saini Bhawan.

**12. Sh. Jagdev Singh** Rtd. J.E. Member Saini Bhawan Managing Committee # Rupnagar gave Refreshment Material for Teej Festival in Saini Bhawan, worth Rs.3000/

**13. Rajni Herbals,** Malikpur (Rupnagar), Gifts to blood donors in Blood Donation Camp in Saini Bhawan, worth Rs. 5000/

**14. Guru Nanak Karyana Store** Paprala (Rupnagar) provided Refreshment Material for Blood Donors in Blood Donation Camp in Sani Bhawan Worth Rs. 1500/

**15. Community Police Resource Centre** Rupnagar Rs. 2100 for blood donation camp.

**Financial help to the needy students of Saini Bhawan**

To help the needy girls, Saini Bhawan is providing them vocational training of Sewing & Tailoring, Beutician Art, Fashion Designing and Computer Education through four Training Centres in its campus. Many donors have come forward to give financial help to the students.

- **Dr. Harcharan Dass,** Retd. District Education Officer # Gobind Valley Rupnagar pays fee of two girls.
- **Innerwheel club Rupnagar** has adopted 5 girl students till the completion of their courses.
- **Mrs. Bhupinder Kaur** # 504, Giani Zail Singh Nagar Rupnagar pays the fee of one girl student.

Committee Members of Saini Bhawan Rupnagar are thankful to these Donors.

# ਪੁਲਾੜ ਪਰੀ- ਸੁਨੀਤਾ ਵਿਲੀਅਮਜ਼


ਰਜਿੰਦਰ ਸਿੰਘ ਨੰਨੂਆ
ਸੈਣੀ ਭਵਨ ਰੂਪਨਗਰ



ਅਮਰੀਕੀ ਪੁਲਾੜ ਖੋਜ ਏਜੰਸੀ (ਨਾਸਾ) ਦੀ ਪੁਲਾੜ ਵਿਗਿਆਨੀ ਸੁਨੀਤਾ ਵਿਲੀਅਮਜ਼ ਤਿੰਨ ਮਹੀਨੇ ਤੋਂ ਵੱਧ ਸਮੇਂ ਤੋਂ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ ਫਸੀ ਹੋਈ ਹੈ। ਉਹ ਜੂਨ, 2024 ਵਿੱਚ ਆਪਣੇ ਸਾਥੀ ਬੱਚ ਵਿਲਮੋਰ ਨਾਲ ਬੋਇੰਗ ਸਟਾਰਲਾਈਨਰ ਮਿਸ਼ਨ ਤਹਿਤ ਪਰਖ ਉਡਾਨ ਰਾਹੀਂ ਇੱਕ ਹਫ਼ਤੇ ਲਈ ਪੁਲਾੜ ਵਿੱਚ ਗਈ ਸੀ ਪਰ ਪੁਲਾੜੀ ਵਾਹਨ ਵਿੱਚ ਤਕਨੀਕੀ ਨੁਕਸ ਪੈ ਜਾਣ ਕਾਰਨ ਉਹ ਅੱਠ ਮਹੀਨੇ ਤੋਂ ਵੱਧ ਸਮੇਂ ਤੋਂ ਬਾਅਦ ਹੀ ਧਰਤੀ 'ਤੇ ਵਾਪਿਸ ਆ ਸਕੇਗੀ। ਇਸ ਦੌਰਾਨ ਉਹ ਕਈ ਪ੍ਰਕਾਰ ਦੇ ਵਿਗਿਆਨਕ ਪ੍ਰਯੋਗ ਕਰਨਗੇ।

ਅਮਰੀਕਾ ਦੀ ਜੰਮਪਲ, ਸੁਨੀਤਾ ਅਜਿਹੀ ਅੰਤਰਰਾਸ਼ਟ੍ਰੀ ਪੁਲਾੜ ਯਾਤਰੀ ਹੈ ਜੋ ਵਿਦੇਸ਼ਾਂ ਵਿੱਚ ਦਹਾਕਿਆਂ ਤੋਂ ਰਹਿਣ, ਪੜ੍ਹਾਈ ਕਰਨ ਅਤੇ ਪਰਿਵਾਰ ਵਸਾਉਣ ਦੇ ਬਾਵਜੂਦ ਆਪਣੇ ਵਿਰਸੇ ਨੂੰ ਨਹੀਂ ਭੁੱਲੀ। ਉਸ ਦਾ ਜਨਮ 19 ਸਤੰਬਰ, 1965 ਨੂੰ ਅਮਰੀਕਾ ਦੇ ਸੂਬੇ ਓਹਾਈਓ ਦੇ ਯੂਕਲਿਡ ਸ਼ਹਿਰ ਵਿੱਚ ਪਿਤਾ ਦੀਪਕ ਪਾਂਡਿਆ ਅਤੇ ਮਾਤਾ ਉਰਸੁਲੀਨ ਬੋਨੀ ਪਾਂਡਿਆ ਦੇ ਘਰ ਹੋਇਆ। ਉਸ ਦੇ ਪਿਤਾ ਗੁਜਰਾਤ ਦੇ ਜ਼ਿਲ੍ਹਾ ਮਹਿਸਾਨਾ ਦੇ ਇੱਕ ਛੋਟੇ ਜਿਹੇ ਪਿੰਡ ਝੁਲਾਸਨ ਵਿੱਚ ਪੈਦਾ ਹੋਏ ਸਨ ਅਤੇ ਗੁਜਰਾਤ ਯੂਨੀਵਰਸਿਟੀ ਤੋਂ ਨਿਉਰੋਲੋਜੀ ਵਿੱਚ ਐਮ. ਡੀ ਕਰਨ ਉਪਰੰਤ 1958 ਵਿੱਚ ਅਮਰੀਕਾ ਚਲੇ ਗਏ। ਸੁਨੀਤਾ ਦੇ ਮਾਤਾ ਜੀ ਸਲੋਵੇਨੀਅਨ ਪਿਛੋਕੜ ਦੇ ਹਨ। ਇਹ ਪਰਿਵਾਰ ਮੈਸੇਚਿਉਸੇਟਸ ਦੇ ਫਾਲਮਾਊਥ ਵਿਖੇ ਰਹਿੰਦਾ ਹੈ। ਸੁਨੀਤਾ ਆਪਣੇ ਭਰਾ ਜੈ ਥੋਮਸ ਨਾਲੋਂ ਚਾਰ ਸਾਲ ਅਤੇ ਭੈਣ ਦੀਨਾ ਅਨੰਦ ਨਾਲੋਂ ਤਿੰਨ ਸਾਲ ਛੋਟੀ ਹੈ।

ਸੁਨੀਤਾ ਨੇ 1983 ਵਿੱਚ ਨੀਧਾਮ ਹਾਈ ਸਕੂਲ ਤੋਂ ਸਕੂਲੀ ਸਿੱਖਿਆ ਹਾਸਲ ਕਰਕੇ 1987 ਵਿੱਚ ਯੂਨਾਈਟਡ ਸਟੇਟਸ ਨਵਲ ਅਕੈਡਮੀ ਤੋਂ ਫਿਜ਼ੀਕਲ ਸਾਇੰਸ ਵਿੱਚ ਬੈਚਲਰ ਆਫ਼ ਸਾਇੰਸ ਦੀ ਡਿਗਰੀ ਹਾਸਲ ਕੀਤੀ ਅਤੇ ਯੂ.ਐਸ.ਨੇਵੀ ਵਿੱਚ ਬੇਸਿਕ ਡਾਈਵਿੰਗ ਅਫ਼ਸਰ ਵਜੋਂ ਭਰਤੀ ਹੋ ਗਈ। ਇਸ ਦੌਰਾਨ ਉਸ ਨੇ ਨਵਲ ਐਵੀਏਟਰ ਅਤੇ ਹੋਰ ਉੱਚ ਅਹੁਦਿਆਂ 'ਤੇ ਕੰਮ ਕਰਦਿਆਂ ਭਿੰਨ ਭਿੰਨ ਕਠਿਨ ਅਤੇ ਸੰਕਟਕਾਲੀਨ ਕਾਰਜਾਂ ਵਿੱਚ ਮੋਹਰੀ ਭੂਮਿਕਾ ਨਿਭਾਈ। ਜਨਵਰੀ, 1993 ਵਿੱਚ ਉਸ ਨੇ ਯੂ.ਐਸ. ਨਵਲ ਟੈਸਟ ਪਾਇਲਟ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਅਤੇ 1995 ਵਿੱਚ ਫਲੋਰਿਡਾ ਇੰਸਟੀਚਿਊਟ ਆਫ਼ ਟੈਕਨੌਲੋਜੀ ਤੋਂ ਇੰਜਨੀਅਰਿੰਗ ਮੈਨੇਜਮੈਂਟ ਦੀ ਮਾਸਟਰ ਆਫ਼ ਸਾਇੰਸ ਦੀ ਡਿਗਰੀ ਹਾਸਲ ਕੀਤੀ। ਜੂਨ, 1998 ਵਿੱਚ ਉਸ ਨੂੰ ਨਾਸਾ ਵਲੋਂ ਜਾਹਨਸਨ ਸਪੇਸ ਸੈਂਟਰ ਵਿੱਚ ਐਸਟਰੋਨੌਟ ਪ੍ਰੋਗਰਾਮ ਲਈ ਚੁਣ ਲਿਆ ਗਿਆ ਅਤੇ ਸੰਨ 2006 ਵਿੱਚ ਪਹਿਲੀ ਵਾਰ ਸੁਨੀਤਾ ਨੂੰ ਡਿਸਕਵਰੀ ਸ਼ਟਲ ਰਾਹੀਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਵਿੱਚ ਭੇਜਿਆ ਗਿਆ। ਉਹ 2017 ਵਿੱਚ ਨੇਵੀ ਤੋਂ ਰਿਟਾਇਰ ਹੋ ਕੇ ਆਪਣਾ ਸਾਰਾ ਸਮਾਂ ਅਤੇ ਸ਼ਕਤੀ ਪੁਲਾੜ ਉਡਾਨਾਂ ਵਿੱਚ ਲਗਾਉਣ ਲਗ ਪਈ।



ਸੁਨੀਤਾ ਐਕਸਟ੍ਰਾਵਹਿਕੁਲਰ ਐਕਟਿਵੀਟੀਜ਼ (ਈ ਵੀ ਏ) ਕਰਨ ਦੀ ਸ਼ੌਕੀਨ ਹੈ। ਇਹ ਉਹ ਕਾਰਜ ਹੁੰਦੇ ਹਨ ਜੋ ਪੁਲਾੜ ਯਾਤਰੀ ਆਪਣੇ ਪੁਲਾੜੀ ਵਾਹਨ ਤੋਂ ਬਾਹਰ ਖੁਲ੍ਹੇ ਪੁਲਾੜ ਵਿੱਚ ਕਰਦਾ ਹੈ। ਇਸ ਸਮੇਂ ਉਹ ਸਾਹ ਲੈਣ ਲਈ ਪੂਰੀ ਤਰ੍ਹਾਂ ਆਪਣੇ ਪੁਲਾੜੀ ਪਹਿਰਾਵੇ 'ਤੇ ਨਿਰਭਰ ਹੁੰਦਾ ਹੈ। ਇਨ੍ਹਾਂ ਕਾਰਜਾਂ ਵਿੱਚ ਸਪੇਸਵਾਕ ਅਤੇ ਉੱਪਗ੍ਰਹਿ ਦੀ ਧਰਾਤਲ 'ਤੇ ਕੀਤੀਆਂ ਖੋਜਾਂ ਸ਼ਾਮਲ ਹਨ। 2007 ਵਿੱਚ ਉਸ ਨੇ ਤਿੰਨ ਸਪੇਸਵਾਕਸ ਕੀਤੀਆਂ। ਤੀਜੀ ਸਪੇਸਵਾਕ ਸਮੇਂ ਉਹ ਨੌ ਦਿਨਾਂ ਵਿੱਚ 6 ਘੰਟੇ ਤੇ 40 ਮਿੰਟ ਖੁਲ੍ਹੇ ਪੁਲਾੜ ਵਿੱਚ ਰਹੀ। 2007 ਤੱਕ ਚਾਰ ਸਪੇਸਵਾਕਸ ਦੌਰਾਨ ਉਸ ਨੇ 29 ਘੰਟੇ ਤੇ 17 ਮਿੰਟ ਤੱਕ ਪੁਲਾੜ ਵਿੱਚ ਤਾਰੀਆਂ ਲਾ ਕੇ ਪਹਿਲਾਂ ਸਥਾਪਤ ਰਿਕਾਰਡ ਤੋੜਿਆ। ਉਹ ਇੱਕ ਤਾਰੀ ਵਿੱਚ ਪੁਲਾੜ ਵਿੱਚ ਸਭ ਤੋਂ ਵੱਧ ਸਮਾਂ ਰਹਿਣ ਵਾਲੀ ਔਰਤ ਪੁਲਾੜ ਯਾਤਰੀ ਹੈ। ਉਸ ਨੇ 408 ਦਿਨ, 14 ਘੰਟੇ ਅਤੇ 37 ਮਿੰਟ ਪੁਲਾੜ ਵਿੱਚ ਬਿਤਾਏ ਹਨ। 16 ਅਪ੍ਰੈਲ, 2007 ਨੂੰ ਉਸ ਨੇ ਪੁਲਾੜ ਵਿੱਚ ਕਿਸੇ ਪੁਲਾੜ ਯਾਤਰੀ ਵਲੋਂ ਕੀਤੀ ਪਹਿਲੀ ਮੈਰਾਥੋਨ ਦੌੜ ਲਗਾਈ। ਉਸ ਨੇ ਨਿਰਧਾਰਤ ਫਾਸਲਾ 4 ਘੰਟੇ ਤੇ 24 ਮਿੰਟ ਵਿੱਚ ਤੈਅ ਕੀਤਾ। ਸੰਨ 2008 ਵਿੱਚ ਵਿਲੀਅਮਜ਼ ਨੇ ਬੋਸਟਨ ਮੈਰਾਥੌਨ ਦੌੜ ਵਿੱਚ ਭਾਗ ਲਿਆ। 15 ਜੁਲਾਈ, 2012 ਨੂੰ ਉਸ ਨੇ ਰੂਸੀ ਪੁਲਾੜੀ ਵਾਹਨ ਸੋਯੂਜ ਰਾਹੀਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਜਾ ਕੇ ਉੱਥੇ ਚਾਰ ਮਹੀਨੇ ਤੱਕ ਠਹਿਰਾ ਕੀਤਾ। ਉਹ 2012 ਵਿੱਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਕਮਾਂਡਰ ਬਣ ਗਈ ਜਿਹੜਾ ਅਹੁਦਾ ਗ੍ਰਹਿਣ ਕਰਨ ਵਾਲੀ ਉਹ ਦੂਜੀ ਔਰਤ ਸੀ। ਇਸ ਸਾਲ ਹੀ ਉਸ ਨੇ ਪੁਲਾੜ ਵਿੱਚ ਟਰੈਥਲੋਨ ਦੌੜ ਲਗਾਈ ਅਤੇ ਇਹ ਨਵੇਕਲਾ ਕਾਰਜ ਕਰਨ ਵਾਲਾ ਪਹਿਲਾ ਪੁਲਾੜ ਯਾਤਰੀ ਬਣਨ ਦਾ ਮਾਣ ਖੱਟਿਆ। ਉਸ ਨੇ ਅੱਧਾ ਮੀਲ ਦੌੜ, 18 ਮੀਲ ਸਾਈਕਲਿੰਗ ਅਤੇ 4 ਮੀਲ ਦੌੜ 1 ਘੰਟਾ, 48 ਮਿੰਟ ਤੇ 33 ਸਕਿੰਟ ਵਿੱਚ ਪੂਰੇ ਕੀਤੇ। ਜੁਲਾਈ, 2015 ਵਿੱਚ ਨਾਸਾ ਨੇ ਸੁਨੀਤਾ ਨੂੰ ਪਹਿਲੀ ਵਪਾਰਕ ਪੁਲਾੜੀ ਵਾਹਨ ਲਈ ਚੁਣ ਲਿਆ। ਸੰਨ 2018 ਵਿੱਚ ਉਸ ਨੂੰ

ਸਟਾਰਲਾਈਨਰ-1 ਮਿਸ਼ਨ ਵਿੱਚ ਸ਼ਾਮਲ ਕਰ ਲਿਆ ਗਿਆ ਅਤੇ ਸਖ਼ਤ ਮੁਕਾਬਲੇ ਮਗਰੋਂ 5 ਜੂਨ, 2024 ਨੂੰ ਸੁਨੀਤਾ ਅਤੇ ਬੈਰੀ ਵਿਲਮੋਰ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਭੇਜਿਆ ਗਿਆ। ਸੁਨੀਤਾ ਵਿਲੀਅਮ ਇਸ ਦੀ ਪਹਿਲੀ ਔਰਤ ਪਾਇਲਟ ਬਣੀ। ਜਦੋਂ ਉਹ ਫ਼ਰਬਰੀ, 2025 ਵਿੱਚ ਧਰਤੀ 'ਤੇ ਵਾਪਸ ਆਏਗੀ ਤਾਂ ਪੁਲਾੜ ਵਿੱਚ ਲੰਬਾ ਸਮਾਂ ਰਹਿਣ ਵਾਲੇ 12 ਪੁਲਾੜੀ ਯਾਤਰੀਆਂ ਵਿੱਚੋਂ ਇੱਕ ਹੋਵੇਗੀ।

ਸੁਨੀਤਾ ਦਾ ਵਿਆਹ ਟੈਕਸਾਸ ਵਿੱਚ ਤਾਇਨਾਤ ਫੈਡਰਲ ਮਾਰਸ਼ਲ ਮਾਈਸ਼ਲ ਜੇ. ਵਿਲੀਅਮਜ਼ ਨਾਲ ਹੋਇਆ। ਦੋਵੇਂ ਆਪਣੇ ਆਰੰਭਿਕ ਜੀਵਨ ਵਿੱਚ ਹੈਲੀਕਾਪਟਰ ਉੜਾਇਆ ਕਰਦੇ ਸਨ। ਉਹ ਟੈਕਸਾਸ ਸੂਬੇ ਦੇ ਹੂਸਟਨ ਸ਼ਹਿਰ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਕੋਈ ਸੰਤਾਨ ਨਹੀਂ ਹੈ ਜਿਸ ਕਾਰਨ ਸੁਨੀਤਾ ਨੇ ਅਹਿਮਦਾਬਾਦ ਤੋਂ ਕੋਈ ਬੱਚੀ ਗੋਦ ਲੈਣ ਦੀ ਇੱਛਾ ਜਾਹਿਰ ਕੀਤੀ ਹੈ। ਸੁਨੀਤਾ ਆਪਣੇ ਪੁਰਖਾਂ ਦੇ ਮੁਢਲੇ ਦੇਸ਼, ਭਾਰਤ ਨਾਲ ਜੁੜੀ ਹੋਈ ਹੈ ਅਤੇ ਹਿੰਦੂ ਧਰਮ ਦੀਆਂ ਸਾਰੀਆਂ ਰਸਮਾਂ ਨਿਭਾਉਂਦੀ ਹੈ। ਦਸੰਬਰ, 2006 ਵਿੱਚ ਜਦੋਂ ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਗਈ ਸੀ ਤਾਂ ਆਪਣੇ ਨਾਲ ਭਗਵਤ ਗੀਤਾ ਦੀ ਪੁਸਤਕ ਲੈ ਕੇ ਗਈ ਸੀ। ਜੁਲਾਈ, 2012 ਵਿੱਚ ਉਹ ਪੁਲਾੜ ਵਿੱਚ ਆਪਣੇ ਨਾਲ ਓਮ ਚਿਨ੍ਹ ਅਤੇ ਉਪਨਿਸ਼ਦ ਦੀ ਕਾਪੀ ਲੈ ਕੇ ਗਈ ਸੀ। ਦਸੰਬਰ, 2007 ਵਿੱਚ ਉਹ ਭਾਰਤ ਆਈ ਸੀ ਤਾਂ ਆਪਣੇ ਪਿਤਾ ਦੇ ਪਿੰਡ ਝੂਲਾਸਨ ਅਤੇ ਅਹਿਮਦਾਬਾਦ ਵਿਖੇ ਸਾਬਰਮਤੀ ਆਸ਼ਰਮ ਵੀ ਗਈ ਸੀ। ਉਸ ਨੂੰ 'ਵਿਸ਼ਵ ਗੁਜਰਾਤੀ ਸੁਸਾਇਟੀ' ਨੇ 'ਸਰਦਾਰ ਵੱਲਭ ਭਾਈ ਪਟੇਲ ਵਿਸ਼ਵ ਪ੍ਰਤਿਭਾ ਐਵਾਰਡ' ਨਾਲ ਸਨਮਾਨਿਤ ਕੀਤਾ ਸੀ। ਇਹ ਐਵਾਰਡ ਹਾਸਲ ਕਰਨ ਵਾਲੀ ਉਹ ਪਹਿਲੀ ਗੈਰਭਾਰਤੀ ਨਾਗਰਿਕ ਸੀ। 4 ਅਕਤੂਬਰ, 2007 ਨੂੰ ਉਸ ਨੇ ਅਮੈਰੀਕਨ ਐਂਬੈਸੀ ਸਕੂਲ ਵਿੱਚ ਭਾਸ਼ਣ ਦਿੱਤਾ ਅਤੇ ਉਦੋਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ ਸੀ। ਸੁਨੀਤਾ ਆਪਣੀ ਮਾਤਾ ਦੇ ਵਿਰਾਸਤੀ ਦੇਸ਼ ਨਾਲ ਵੀ ਪੂਰਾ ਲਗਾਉ ਰਖਦੀ ਹੈ। ਉਸ ਨੇ ਸਲੋਵੇਨੀਆਂ ਦੇਸ਼ ਦੀ ਕਈ ਵਾਰ ਯਾਤਰਾ ਕੀਤੀ ਹੈ। ਮਈ, 2013 ਵਿੱਚ ਉਸ ਨੂੰ ਸਲੋਵੇਨੀਆਂ ਦੇ ਰਾਸ਼ਟਰਪਤੀ ਨੇ ਆਪਣੇ ਦੇਸ਼ ਦੇ ਨੌਜਵਾਨਾਂ ਵਿੱਚ ਸਾਇੰਸ ਅਤੇ ਟੈਕਨਾਲੌਜੀ ਨੂੰ ਲੋਕ ਪ੍ਰਿਯ ਬਣਾਉਣ ਲਈ 'ਮੈਡਲ ਆਫ਼ ਮੈਰਿਟ' ਨਾਲ ਸਨਮਾਨਿਤ ਕੀਤਾ ਸੀ। ਅਕਤੂਬਰ,2014 ਵਿੱਚ ਉਸ ਨੇ ਸਲੋਵੇਨੀਆ ਦੀ ਐਸਟਰੌਨੋਮੀਕਲ ਸੁਸਾਇਟੀ ਵੇਗਾ ਦਾ ਦੌਰਾ ਕੀਤਾ ਅਤੇ 2016 ਵਿੱਚ ਦੁਬਾਰਾ ਯਾਤਰਾ ਕੀਤੀ।

ਸੁਨੀਤਾ ਦੇ ਨੀਧਮ ਪਬਲਿਕ ਸਕੂਲ ਦੀ ਪ੍ਰਬੰਧਕੀ ਕਮੇਟੀ ਨੇ ਨਵੇਂ ਖੁਲ੍ਹੇ ਸਕੂਲ ਦਾ ਨਾਂ ਵਿਲੀਅਮਜ਼ ਦੇ ਨਾਂ 'ਤੇ ਰੱਖਣ ਦਾ ਫੈਸਲਾ ਲਿਆ। ਉਸ ਨੇ ਮਈ, 2020 ਵਿੱਚ ਕੋਵਿਡ ਮਹਾਂਮਾਰੀ ਦੌਰਾਨ ਵਸ਼ਿੰਗਟਨ ਵਿਖੇ ਭਾਰਤੀ ਦੂਤਘਰ ਵਿੱਚ 5 ਲੱਖ ਤੋਂ ਵੱਧ ਭਾਰਤੀ ਅਤੇ ਯੂ.ਐਸ, ਦੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ। ਉਸ ਨੂੰ ਕਈ ਦੇਸ਼ਾਂ ਦੀਆਂ ਸਰਕਾਰਾਂ ਅਤੇ ਸੰਗਠਨਾਂ ਨੇ ਪੁਲਾੜੀ ਖੇਤਰ ਵਿੱਚ ਬਹੁਮੁੱਲੇ ਯੋਗਦਾਨ ਲਈ ਸਨਮਾਨਿਤ ਕੀਤਾ ਹੈ। ਉਸ ਨੂੰ ਅਮਰੀਕਾ ਦੀ ਪੁਲਾੜ ਸੰਸਥਾ, ਨਾਸਾ ਨੇ 'ਸਪੇਸ ਫਲਾਈਟ ਮੈਡਲ' ਨਾਲ, ਰੂਸੀ ਸਰਕਾਰ ਨੇ ' ਮੈਰਿਟ ਇੰਨ ਸਪੇਸ ਐਕਸਪਲੋਰੇਸ਼ਨ' ਨਾਲ, ਭਾਰਤ ਸਰਕਾਰ ਨੇ 'ਪਦਮ ਭੂਸ਼ਨ' ਨਾਲ ਅਤੇ ਗੁਜਰਾਤ ਟੈਕਨਾਲੌਜੀ ਯੂਨੀਵਰਸਿਟੀ ਨੇ ਆਨਰੇਰੀ ਡਾਕਟਰੇਟ ਡਿਗਰੀ ਨਾਲ ਸਨਮਾਨਿਤ ਕੀਤਾ ਹੈ।

ਸਾਰੇ ਭਾਰਤੀਆਂ ਨੂੰ ਸੁਨੀਤਾ ਵਿਲੀਅਮਜ਼ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ। ਸਭ ਦੀਆਂ ਸ਼ੁੱਭਇੱਛਾਵਾਂ ਹਨ ਕਿ ਉਹ ਫ਼ਰਬਰੀ, 2025 ਵਿੱਚ ਸੁੱਖਸਾਂਤ ਧਰਤੀ 'ਤੇ ਪੁੱਜ ਕੇ ਆਪਣੇ ਪਰਿਵਾਰ ਵਿੱਚ ਖੁਸ਼ੀਆਂ ਮਾਣੇ।

ਪੁਲਾੜ ਦੀ ਪਰੀਏ ਖਲਾਵਾਂ ਦੀਏ ਮਹਿਰਮੇ
ਤੂੰ ਹੋਰ ਹੋਰ ਧਰਤੀਆਂ ਆਕਾਸ਼ ਦੀਆਂ ਧੀਆਂ ਨਾਲ
ਸਾਂਝੀ ਸੁਹਣੀ ਧਰਤ ਦਾ ਸਹੇਲ ਪਾ ਕੇ ਆਏਂਗੀ।

❊ ❊ ❊ ❊ ❊

## ਕੁਲਤਾਰ ਸਿੰਘ ਸੈਣੀ ਬਣੇ ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ

ਰਜਨੀ ਹਰਬਲਜ਼ ਮਲਕਪੁਰ ਜ਼ਿਲ੍ਹਾ ਰੂਪਨਗਰ ਦੇ ਮਾਲਕ ਐਡਵੋਕੇਟ ਕੁਲਤਾਰ ਸਿੰਘ ਨੂੰ ਸਾਲ 2024-25 ਲਈ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।



ਜੀ.ਐਸ. ਅਸਟੇਟ ਰੂਪਨਗਰ ਵਿਖੇ 27 ਜੁਲਾਈ, 2024 ਨੂੰ ਕਰਵਾਏ ਗਏ ਸਮਾਗਮ ਵਿੱਚ ਉਨ੍ਹਾਂ ਦੀ ਤਾਜਪੋਸੀ ਕੀਤੀ ਗਈ। ਸਾਬਕਾ ਪ੍ਰਧਾਨ ਅਜਮੇਰ ਸਿੰਘ ਲੋਧੀਮਾਜਰਾ ਦੀ ਦੇਖਰੇਖ ਅਧੀਨ ਆਯਜਿਤ ਇਸ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਗਵਰਨਰ ਨੇ ਕੀਤੀ। ਇਸ ਸਮੇਂ ਕੁਲਤਾਰ ਸਿੰਘ ਨੇ ਭਰੋਸਾ ਦਿਵਾਇਆ ਕਿ ਉਹ ਕਲੱਬ ਦੇ ਕਾਰਜਾਂ ਨੂੰ ਹੋਰ ਬਿਹਤਰੀ ਨਾਲ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕਰਨਗੇ। ਇਸ ਸਮੇਂ ਜ਼ਿਲ੍ਹਾ ਗਵਰਨਰ ਨੌਮਨੀ ਡਾ. ਰੀਟਾ ਕਾਲੜਾ, ਸਕੱਤਰ ਰੋਹਿਤ ਸੈਣੀ, ਡਾ. ਸੰਜੇ ਕਾਲੜਾ, ਸਾਬਕਾ ਜ਼ਿਲ੍ਹਾ ਪ੍ਰਧਾਨ ਡਾ.ਆਰ.ਐਸ.ਪਰਮਾਰ ਤੇ ਚੇਤਨ ਅਗਰਵਾਲ, ਸਹਾਇਕ ਗਵਰਨਰ ਡਾ.ਭੀਮ ਸੈਨ, ਬਘੇਲ ਸਿੰਘ ਐਮ.ਡੀ.ਰੂਪਨਗਰ ਪ੍ਰਾਪਰਟੀਜ਼, ਰੋਟੇਰੀਅਨ ਹਰਸਿਮਰ ਸਿੰਘ ਸਿੱਟਾ, ਕੁਲਜੀਤ ਸਿੰਘ ਸੈਣੀ, ਸਰਬਜੀਤ ਸਿੰਘ, ਮਨਦੀਪ ਸਿੰਘ ਮੋਦਗਿਲ ਪ੍ਰਧਾਨ ਬਾਰ ਐਸੋਸੀਏਸ਼ਨ ਤੇ ਸ਼ਿਵ ਕੁਮਾਰ ਸੈਣੀ ਹਾਜ਼ਰ ਸਨ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਜਨਰਲ ਸਕੱਤਰ ਸ.ਬਲਬੀਰ ਸਿੰਘ ਸੈਣੀ, ਟਰੱਸਟੀ ਰਾਜਿੰਦਰ ਸੈਣੀ ਅਤੇ ਅਮਰਜੀਤ ਸਿੰਘ ਵੀ ਹਾਜ਼ਰ ਸਨ।

# ਪੈਰਿਸ ਓਲੰਪਿਕਸ, 2024 ਦੀਆਂ ਕੁੱਝ ਦਿਲਚਸਪ ਝਲਕੀਆਂ

ਦਲਜੀਤ ਸਿੰਘ
ਰੂਪਨਗਰ



ਫਰਾਂਸ ਦੀ ਰਾਜਧਾਨੀ, ਪੈਰਿਸ ਵਿਖੇ ਤੀਜੀ ਵਾਰ, 26 ਜੁਲਾਈ ਤੋਂ 11 ਅਗਸਤ 2024 ਤੱਕ ਆਯੋਜਿਤ 33ਵੀਆਂ ਓਲੰਪਿਕ ਖੇਡਾਂ ਵਿੱਚ 206 ਦੇਸ਼ਾਂ ਦੇ 10714 ਖਿਡਾਰੀਆਂ ਨੇ 32 ਖੇਡਾਂ ਦੇ 329 ਮੁਕਾਬਲਿਆਂ ਵਿੱਚ ਭਾਗ ਲੈ ਕੇ 329 ਸੋਨਾ, 330 ਚਾਂਦੀ ਅਤੇ 385 ਕਾਂਸੀ ਤਮਗੇ ਹਾਸਲ ਕੀਤੇ। ਇਸ ਖੇਡ ਮੇਲੇ ਦੌਰਾਨ ਹੇਠ ਦਰਜ ਕੁੱਝ ਰੌਚਿਕ ਅਤੇ ਯਾਦਗਾਰੀ ਗੱਲਾਂ ਵੇਖਣ ਵਿੱਚ ਆਈਆਂ।

1. ਓਲੰਪਿਕਸ ਖੇਡਾਂ ਦੇ 1996 ਤੋ 2024 ਤੱਕ ਦੇ 128 ਸਾਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਓਪਨਿੰਗ ਸੈਰੇਮਨੀ ਸਟੇਡੀਅਮ ਦੇ ਅੰਦਰ ਦੀ ਬਜਾਏ ਬਾਹਰ ਹੋਈ। ਖਿਡਾਰੀਆਂ ਦੀ ਇਹ ਪਰੇਡ ਸੀਨ ਨਦੀ ਵਿੱਚ ਇੱਕ ਕਿਸ਼ਤੀ ਵਿੱਚ ਹੋਈ।

2. ਅਮਰੀਕਾ ਦੇ ਸਭ ਤੋਂ ਵੱਧ 592 ਖਿਡਾਰੀਆਂ ਨੇ ਸਾਰੀਆਂ ਖੇਡਾਂ ਦੇ ਮੁਕਾਬਲਿਆਂ ਵਿੱਚ ਭਾਗ ਲੈ ਕੇ 126 (40 ਸੋਨਾ, 44 ਚਾਂਦੀ, 42 ਤਾਂਬਾ) ਤਮਗੇ ਹਾਸਲ ਕਰ ਕੇ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਵਿੱਚੋਂ 67 ਤਮਗੇ (53.17%) ਮਹਿਲਾ ਖਿਡਾਰੀਆਂ ਨੇ ਜਿੱਤੇ। ਅਮਰੀਕਾ ਦਾ ਸਟ੍ਰਾਈਕ ਰੇਟ 4.7 (592/126) ਬਣਦਾ ਹੈ ਜੋ ਕਿ 15ਵਾਂ ਸਥਾਨ ਹੈ। ਅਮਰੀਕਾ ਨੇ ਆਬਾਦੀ ( 33 ਕਰੋੜ) ਦੇ ਹਿਸਾਬ ਨਾਲ 26.4 ਲੱਖ ਪਿੱਛੇ ਇੱਕ ਤਮਗਾ ਹਾਸਲ ਕੀਤਾ ਹੈ।

3. ਚੀਨ ਦੇ 405 ਖਿਡਾਰੀਆਂ ਨੇ 33 ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ 23 ਖੇਡਾਂ ਵਿੱਚ 40 ਸੋਨਾ, 27 ਚਾਂਦੀ ਅਤੇ 24 ਤਾਂਬਾ, ਕੁੱਲ 91 ਤਮਗੇ ਹਾਸਲ ਕਰ ਕੇ ਦੂਜਾ ਸਥਾਨ ਹਾਸਲ ਕੀਤਾ। ਚੀਨ ਦਾ ਸਟਾਰਾਈਕ ਰੇਟ 4.45 (405/91) ਹੈ ਇਨ੍ਹਾਂ ਤਮਗਿਆਂ ਵਿੱਚੋਂ 51 ਭਾਵ 56.04% ਮਹਿਲਾ ਖਿਡਾਰੀਆਂ ਨੇ ਪ੍ਰਾਪਤ ਕੀਤੇ। ਚੀਨ ਨੇ ਕੁੱਲ ਤਮਗਿਆਂ ਵਿੱਚੋਂ 24 ਕੇਵਲ ਜਿਮਨਾਸਟਿਕ ਅਤੇ ਸਵਿਮਿੰਗ ਵਿੱਚ ਜਿੱਤੇ ਜਦੋਂਕਿ ਸੋਨ ਤਮਗਿਆਂ ਵਿੱਚੋਂ 23 ਕੇਵਲ ਡਾਈਵਿੰਗ, ਸ਼ੂਟਿੰਗ, ਟੇਬਲ ਟੈਨਿਸ ਅਤੇ ਵੇਟ੍ਹਲਿਫਟਿੰਗ ਮੁਕਾਬਲਿਆਂ ਵਿੱਚ ਜਿੱਤੇ। ਆਬਾਦੀ (142 ਕਰੋੜ) ਦੇ ਹਿਸਾਬ ਨਾਲ ਚੀਨ ਦੇ 1.5 ਕਰੋੜ ਵਿਅਕਤੀਆਂ ਪਿੱਛੇ ਇਕ ਤਮਗਾ ਬਣਦਾ ਹੈ।

4. ਇੱਕ ਛੋਟੇ ਜਿਹੇ ਕੈਰੇਬੀਅਨ ਦੇਸ਼, ਸੇਂਟ ਲੂਸੀਆ ਜਿਸ ਦੀ ਆਬਾਦੀ 1 ਲੱਖ 80 ਹਜ਼ਾਰ ਅਤੇ ਖੇਤਰਫਲ 617 ਵਰਗ ਕਿਲੋਮੀਟਰ ਹੈ, ਦੇ 4 ਖਿਡਾਰੀਆਂ ਨੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ 1 ਸੋਨਾ, ਅਤੇ 1 ਚਾਂਦੀ ਤਮਗਾ ਜਿੱਤਿਆ ਯਾਨੀਕਿ ਪ੍ਰਤਿ 2 ਖਿਡਾਰੀ 1 ਤਮਗਾ। ਇਹ ਦੋਵੇਂ ਤਮਗੇ 23 ਸਾਲਾਂ ਦੀ ਜੂਲੀਅਨ ਐਲਫਰੈਡ ਨੇ 100 ਮੀਟਰ ਅਤੇ 200 ਮੀਟਰ ਦੌੜਾਂ ਵਿੱਚ ਹਾਸਲ ਕੀਤੇ। ਕਿਰਗਿਸਤਾਨ ( ਆਬਾਦੀ 72 ਲੱਖ) ਅਤੇ ਉੱਤਰੀ ਕੋਰੀਆ ( ਆਬਾਦੀ 5 ਕਰੋੜ) ਨੇ 16-16 ਖਿਡਾਰੀ ਇਸ ਖੇਡ ਮੇਲੇ ਵਿੱਚ ਭੇਜੇ ਜਿਨ੍ਹਾਂ ਨੇ 6-6 ਤਮਗੇ ਜਿੱਤ ਕੇ 2.67 ਸਟ੍ਰਾਈਕ ਰੇਟ ਹਾਸਲ ਕੀਤੀ। ਡੋਮੀਨਕਾ ਦੇਸ਼, ਜਿਸ ਦੀ ਆਬਾਦੀ ਕੇਵਲ 66000 ਹੈ ਦੇ ਖਿਡਾਰੀਆਂ ਨੇ 1 ਸੋਨ ਤਮਗਾ ਜਿੱਤਿਆ ਹੈ।

5. ਪੈਰਿਸ ਓਲੰਪਿਕ ਖੇਡਾਂ ਵਿੱਚ 17 ਵਿਸ਼ਵ ਰਿਕਾਰਡ ਤੋੜੇ ਗਏ। ਉਂਜ ਇਹ ਟੋਕੀਓ ਓਲੰਪਿਕਸ ਦੇ 20 ਰਿਕਾਰਡਾਂ ਤੋਂ ਘੱਟ ਹਨ।

6. ਓਲੰਪਿਕਸ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਭੈਣਾਂ ਖਿਡਾਰੀ ਜੋੜੀਆਂ ਦੀ ਆਪਸੀ ਟੱਕਰ ਹੋਈ। ਮਹਿਲਾ ਬੈਡਮਿੰਟਨ ਡਬਲਜ਼ ਮੁਕਾਬਲੇ ਵਿੱਚ ਬੁਲਗਾਰੀਆਂ ਦੇਸ਼ ਦੀਆਂ ਦੋ ਭੈਣਾਂ-ਸਟੈਫਨੀ ਸਟੋਏਵਾ ਅਤੇ ਗੈਬਰੀਏਲਾ ਸਟੋਏਵਾ ਦਾ ਮੁਕਾਬਲਾ ਅਮਰੀਕਾ ਦੀਆਂ ਜੌੜੀਆਂ ਭੈਣਾਂ-ਐਨੀ ਜ਼ੂ ਅਤੇ ਕੈਰੀ ਜ਼ੂ ਨਾਲ ਹੋਇਆ। ਇਹ ਮੁਕਾਬਲਾ ਬੁਲਗਾਰੀਆ ਭੈਣਾਂ ਨੇ ਜਿੱਤਿਆ।

7. ਮਿਸਰ ਦੀ ਤਲਵਾਰਵਾਜ਼ ਨਦਾ ਹਾਫੇਜ਼ ਨੇ ਸੱਤ ਮਹੀਨਿਆਂ ਦੀ ਗਰਭਵਤੀ ਹੋਣ ਦੇ ਬਾਵਜੂਦ ਖੇਡਾਂ ਵਿੱਚ ਹਿੱਸਾ ਲਿਆ ਅਤੇ ਪਹਿਲੇ ਰਾਊਂਡ ਵਿੱਚ ਅਮਰੀਕੀ ਖਿਡਾਰਨ ਨੂੰ ਹਰਾ ਦਿੱਤਾ।

8. ਤੈਰਾਕੀ ਮੁਕਾਬਲੇ ਵਿੱਚ ਭਾਗ ਲੈਣ ਵਾਲੀ ਭਾਰਤੀ ਤੈਰਾਕ ਦੀ ਉਮਰ ਕੇਵਲ 14 ਸਾਲ ਸੀ, ਉਹ ਬੈਂਗਲੂਰੂ ਵਿਖੇ ਨੌਂਵੀਂ ਜਮਾਤ ਦੀ ਵਿਦਿਆਰਥਣ ਹੈ। 13 ਸਾਲ ਦੀ ਉਮਰ ਵਿੱਚ ਉਸ ਨੇ ਹਾਂਗਜੂ ਵਿਖੇ ਏਸ਼ੀਆਈ ਖੇਡਾਂ ਅਤੇ 12 ਸਾਲ ਦੀ ਉਮਰ ਵਿੱਚ ਜੈਂਗ ਹੋਹਾਓ ਸਕੇਟਬੋਰਡਿੰਗ ਮੁਕਾਬਲਿਆਂ ਵਿੱਚ ਭਾਗ ਲਿਆ ਸੀ

9. ਪੈਰਿਸ ਓਲੰਪਿਕਸ ਵਿੱਚ ਭਾਰਤੀ ਪਹਿਲਵਾਨ, ਵਿਨੇਸ਼ ਫੋਗਾਟ ਨਾਲ ਜੱਗੋਂ ਤੇਰ੍ਹਵੀਂ ਹੋਈ। ਉਸ ਨੂੰ 50 ਕਿਲੋ ਭਾਰ ਦੇ ਮਹਿਲਾ ਕੁਸ਼ਤੀ ਫਾਈਨਲ ਮੁਕਾਬਲੇ ਵਿੱਚੋਂ 100ਗ੍ਰਾਮ ਭਾਰ ਵੱਧ ਹੋਣ ਕਾਰਨ ਬਾਹਰ ਕੱਢ ਦਿੱਤਾ ਗਿਆ। ਉਹ ਓਲੰਪਿਕ ਕੁਸ਼ਤੀ ਮੁਕਾਬਲੇ ਦੇ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਸੀ। ਉਸ ਨੇ ਇੱਕੋ ਦਿਨ ਵਿੱਚ ਹੋਏ ਤਿੰਨ ਮੁਕਾਬਲਿਆਂ ਵਿੱਚ ਪਹਿਲਾਂ ਚਾਰ ਵਾਰ ਦੀ ਵਿਸ਼ਵ ਚੈਂਪੀਅਨ ਅਤੇ ਟੋਕੀਓ ਓਲੰਪਿਕਸ ਦੀ ਸੋਨ ਤਮਗਾ

ਜੇਤੂ ਜਾਪਾਨੀ ਯੂਈ ਸੁਸਾਕੀ ਨੂੰ ਕੌਮਾਂਤਰੀ ਮੈਚਾਂ ਵਿੱਚ ਪਹਿਲੀ ਵਾਰ ਹਰਾ ਕੇ, ਫਿਰ ਯੂਕਰੇਨ ਦੀ ਪਹਿਲਵਾਨ ਓਸਾਨਾ ਲਿਵਾਚ ਅਤੇ ਕਿਊਬਾ ਦੀ ਗੁਜ਼ਮੈਨ ਲੋਪੇਜ਼ ਨੂੰ ਹਰਾ ਕੇ ਇਤਿਹਾਸ ਸਿਰਜਿਆ ਸੀ। ਸਿਤਮ ਦੀ ਗੱਲ ਇਹ ਕਿ ਉਸ ਨੂੰ ਠੀਕ ਭਾਰ ਨਾਲ ਜਿੱਤੇ ਹੋਏ ਚਾਂਦੀ ਤਮਗੇ ਤੋਂ ਵੀ ਵਾਂਝੇ ਕਰ ਦਿੱਤਾ ਗਿਆ। ਸਮੂਹ ਭਾਰਤੀਆਂ ਨੂੰ ਆਪਣੀ ਮਿਸਾਲੀ ਪਹਿਲਵਾਨ ਨਾਲ ਹੋਏ ਧੱਕੇ ਨਾਲ ਸਦਮਾ ਪਹੁੰਚਿਆ ਹੈ।

ਹਰਿਆਣਾ ਦੇ ਪਿੰਡ ਬਲਾਲੀ ਦੀ ਜੰਮਪਲ ਇਹ ਪਿਓਬਾਹਰੀ ਮਟਿਆਰ 53 ਕਿਲੋ ਭਾਰ ਵਰਗ ਵਿੱਚ ਸੰਸਾਰ ਦੀ ਨੰਬਰ ਇੱਕ ਖਿਡਾਰਨ ਰਹਿ ਚੁੱਕੀ ਹੈ। ਉਹ ਤਿੰਨ ਓਲੰਪਿਕ ਮੁਕਾਬਲਿਆਂ ਵਿੱਚ ਭਾਗ ਲੈ ਚੁੱਕੀ ਹੈ। 30 ਸਾਲਾਂ ਦੀ ਇਸ ਪਹਿਲਵਾਨ ਨੂੰ ਸੰਨ 2016 ਵਿੱਚ ਭਾਰਤ ਸਰਕਾਰ ਨੇ ਅਰਜੁਨ ਐਵਾਰਡ ਅਤੇ 2020 ਵਿੱਚ ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ ਨਾਲ ਸਨਮਾਨਿਆ। ਉਸ ਨੇ 2023 ਵਿੱਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਤਾਕਤਵਰ ਪ੍ਰਧਾਨ ਵਿਰੁੱਧ ਮਹਿਲਾ ਪਹਿਲਵਾਨਾਂ ਨਾਲ ਹੁੰਦੇ ਜਿਣਸੀ ਸ਼ੋਸ਼ਣ ਖ਼ਿਲਾਫ਼ ਆਵਾਜ਼ ਉਠਾਈ, ਜਿਸ ਕਾਰਨ ਉਸ ਨੂੰ ਪੁਲਿਸ ਦੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਉਸ ਨੇ ਪੂਰੀ ਤਾਕਤ ਨਾਲ ਸਹਾਰਿਆ। ਉਹ ਪੈਰਿਸ ਓਲੰਪਿਕ ਵਿੱਚ ਤਮਗਾ ਭਾਵੇਂ ਨਹੀਂ ਲੈ ਸਕੀ ਪਰ ਦੇਸ਼ਵਾਸੀਆਂ ਦੀਆਂ ਸ਼ੁੱਭ ਇੱਛਾਵਾਂ ਸਦਕਾ ਉਹ ਖੇਡ ਦੇ ਮੈਦਾਨ 'ਚ ਸੰਘਰਸ਼ ਦੀ ਬਾਜ਼ੀ ਜਿੱਤ ਗਈ ਹੈ। ਇਸ ਲਈ ਉਹ 'ਚੈਂਪੀਅਨ ਦੀ ਚੈਂਪੀਅਨ' ਬਣ ਗਈ ਹੈ।

❈ ❈ ❈ ❈ ❈

## ਸਭ ਤੋਂ ਛੋਟੀ ਉਮਰ ਦਾ ਪਰਬਤਾਰੋਹੀ



ਰੂਪਨਗਰ ਸ਼ਹਿਰ ਦੇ ਸ਼ਿਵਾਲਿਕ ਪਬਲਿਕ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹਦੇ 5 ਸਾਲਾਂ ਦੇ ਤੇਗਬੀਰ ਸਿੰਘ ਨੇ 23 ਅਗਸਤ, 2024 ਨੂੰ ਅਫ਼ਰੀਕਾ ਮਹਾਂਦੀਪ ਦੇ ਦੇਸ਼ ਤਨਜ਼ਾਨੀਆਂ ਵਿੱਚ ਸਥਿਤ ਕਿਲੀਮੰਜਾਰੋ ਪਰਬਤ ਦੀ ਸਭ ਤੋਂ ਉੱਚੀ ਚੋਟੀ 'ਤੇ ਪੁੱਜ ਕੇ ਇਤਿਹਾਸ ਸਿਰਜਿਆ ਹੈ। ਉਹ 19340 ਫੁੱਟ ਉੱਚੀ ਇਹ ਚੋਟੀ ਸਰ ਕਰਨ ਵਾਲਾ ਪਹਿਲਾ ਸਭ ਤੋਂ ਛੋਟੀ ਉਮਰ ਦਾ ਏਸ਼ਿਆਈ ਬਣ ਗਿਆ ਹੈ। ਦੇਸ਼, ਪੰਜਾਬ ਅਤੇ ਰੂਪਨਗਰ ਦੇ ਵਾਸੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਪ੍ਰਾਪਤੀ ਹੈ। ਉਸ ਦੇ ਰੂਪਨਗਰ ਸ਼ਹਿਰ ਪਹੁੰਚਣ ਸਮੇਂ ਸਾਰੇ ਸ਼ਹਿਰ ਵਾਸੀਆਂ ਨੇ ਤੇਗਬੀਰ ਦਾ ਭਰਵਾਂ ਸੁਆਗਤ ਕੀਤਾ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦੇ ਹਨ।

## ਅਦਭੁੱਤ ਜਾਪਾਨ



1. ਜਾਪਾਨ ਦਾ 3 ਲੱਖ, 78 ਹਜ਼ਾਰ ਵਰਗ ਕਿਲੋਮੀਟਰ ਖੇਤਰ, 6800 ਤੋਂ ਵੱਧ ਛੋਟੇ-ਵੱਡੇ ਟਾਪੂਆਂ ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਵਿੱਚੋਂ ਚਾਰ ਟਾਪੂ- ਹਾਂਸ਼ੂ, ਹੋਕੈਡੋ, ਕਉਸ਼ੂ ਅਤੇ ਸ਼ਿਕੋਕੂ ਮਹੱਤਵਪੂਰਨ ਹਨ।

2. ਜਾਪਾਨ ਦਾ ਤਿੰਨ ਚੌਥਾਈ ਖੇਤਰ ਪਹਾੜੀ ਅਤੇ ਜੰਗਲਾਂ ਨਾਲ ਢਕਿਆ ਹੋਇਆ ਹੈ ਜਿਸ ਕਾਰਨ ਬਹੁਤੀ ਆਬਾਦੀ ਅਤੇ ਖੇਤੀਬਾੜੀ ਇਸ ਦੇਸ਼ ਦੇ ਪੂਰਬੀ ਸਮੁੰਦਰੀ ਕੰਢੇ ਦੇ ਮੈਦਾਨੀ ਇਲਾਕੇ ਵਿੱਚ ਹੈ।

3. ਜਾਪਾਨੀਆਂ ਦੀ ਔਸਤ ਉਮਰ 82 ਸਾਲ ਹੈ ਜੋ ਦੁਨੀਆਂ ਵਿੱਚ ਸਭ ਤੋਂ ਵੱਧ ਹੈ। ਇੱਥੇ ਕੁੱਲ 12 ਕਰੋੜ, 37 ਲੱਖ 53 ਹਜ਼ਾਰ ਦੀ ਅਬਾਦੀ ਵਿੱਚ 100 ਸਾਲ ਜਾਂ ਇਸ ਤੋਂ ਵੱਧ ਉਮਰ ਦੇ 92 ਹਜ਼ਾਰ ਤੋਂ ਵੱਧ ਬਜ਼ੁਰਗ ਮੌਜੂਦ ਹਨ ਜਿਨ੍ਹਾਂ ਵਿੱਚੋਂ ਔਰਤਾਂ, ਮਰਦਾਂ ਨਾਲੋਂ 8 ਗੁਣਾਂ ਵੱਧ ਹਨ।

4. ਇਸ ਦੇਸ਼ ਨੇ 33ਵੀਆਂ ਪੈਰਿਸ ਓਲੰਪਿਕਸ, 2024 ਖੇਡਾਂ ਵਿੱਚ 20 ਸੋਨ, 12 ਚਾਂਦੀ ਅਤੇ 13 ਕਾਂਸੀ ਤਮਗੇ ਜਿੱਤ ਕੇ ਦੁਨੀਆਂ ਵਿੱਚ ਤੀਜਾ ਸਥਾਨ ਹਾਸਲ ਕੀਤਾ ਹੈ।

5. ਜਾਪਾਨ ਦੀ ਰਾਜਧਾਨੀ ਟੋਕੀਓ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ ਜਿੱਥੇ 3.70 ਕਰੋੜ ਲੋਕ ਰਹਿੰਦੇ ਹਨ।

6. ਪੂਰੇ ਵਿਸ਼ਵ ਦੀਆਂ 1500 ਕਿਰਿਆਸ਼ੀਲ ਜਵਾਲਾਮੁਖੀਆਂ ਵਿੱਚੋਂ 111 ਜਾਪਾਨ ਵਿੱਚ ਹਨ। ਕਉਸ਼ੂ ਵਿੱਚ ਮੌਜੂਦ ਸਾਕੂਰਾਜੀਮਾ ਜਵਾਲਾਮੁਖੀ ਸਭ ਤੋਂ ਵਿਸ਼ਾਲ ਅਤੇ ਕਿਰਿਆਸ਼ੀਲ ਹੈ।

7. ਜਾਪਾਨ ਬੁਲੇਟ ਰੇਲਗੱਡੀਆਂ ਲਈ ਵਿਸ਼ਵ ਪ੍ਰਸਿੱਧ ਹੈ। ਇਹ ਸਕਿੰਟਾਂ ਤੱਕ ਸਮੇਂ ਦੀਆਂ ਪਾਬੰਦ ਹਨ। ਇਨ੍ਹਾਂ ਵਿੱਚੋਂ ਕਈ 321 ਕਿਲੋਮੀਟਰ ਪ੍ਰਤਿ ਘੰਟਾ ਤੋਂ ਵੀ ਵੱਧ ਰਫਤਾਰ ਨਾਲ ਚੱਲਦੀਆਂ ਹਨ। ਇੱਕ ਰੇਲ ਗੱਡੀ ਪਰਖ ਦੌਰਾਨ ਦੁਨੀਆਂ ਵਿੱਚ ਸਭ ਤੋਂ ਵੱਧ, 603 ਕਿਲੋਮੀਟਰ ਪ੍ਰਤਿ ਘੰਟਾ ਦੀ ਰਫਤਾਰ ਨਾਲ ਵੀ ਦੌੜੀ ਸੀ।

8. ਜਾਪਾਨ ਵਿੱਚ ਅੰਕ '4' ਜਿਸ ਨੂੰ ਜਾਪਾਨੀ ਭਾਸ਼ਾ ਵਿੱਚ 'ਸ਼ੀ' ਬੋਲਿਆ ਜਾਂਦਾ ਹੈ, ਨੂੰ ਬਹੁਤ ਅਭਾਗਾ ਮੰਨਿਆਂ ਜਾਂਦਾ ਹੈ ਕਿਉਂਕਿ ਇਹ ਸ਼ਬਦ 'ਮੌਤ' ਲਈ ਵੀ ਵਰਤਿਆ ਜਾਂਦਾ ਹੈ।



## ਗ਼ਜ਼ਲ

ਗੁਰਦੀਪ ਸਿੰਘ ਸੈਣੀ, ਬੰਗਾ

ਖ਼ੂਨ ਪਿਲਾ ਕੇ ਦਿਲ ਦਾ ਮੈਂ, ਦਮ ਦਿੱਤੈ ਤਦਬੀਰਾਂ ਨੂੰ।
ਇੱਕ ਦਿਨ ਟੁੱਟਣਾ ਪੈਣਾ ਹੈ, ਜ਼ੁਲਮ ਦੀਆਂ ਜ਼ੰਜ਼ੀਰਾਂ ਨੂੰ।

ਮਰਨਾ ਤਾਂ ਮਨਜ਼ੂਰ ਹੈ ਪਰ, ਝੁਕਣਾ ਹੁਣ ਮਨਜ਼ੂਰ ਨਹੀਂ।
ਜਾ ਕੇ ਆਖ ਦਿਓ ਕੋਈ, ਉਹ ਜ਼ਾਲਿਮ ਸ਼ਮਸ਼ੀਰਾਂ ਨੂੰ।

ਲਾਚਾਰੀ ਤੇ ਬੇਜ਼ਾਰੀ, ਤਖ਼ਤ ਪਲਟ ਨਾ ਦੇਵੇ ਹੁਣ।
ਜਨਤਾ ਅੱਕੀ ਬੈਠੀ ਹੈ, ਸੁਣ-ਸੁਣ ਕੇ ਤਕਰੀਰਾਂ ਨੂੰ।

ਇਹਨਾਂ ਵਿੱਚ ਬਗ਼ਾਵਤ ਦੀ, ਅੱਗ ਸਮਾਈ ਹੁੰਦੀ ਏ।
ਹਲਕੇ ਵਿੱਚ ਨਾ ਲੈ ਬੈਠੀਂ, ਲਾਚਾਰਾਂ ਦੇ ਨੀਰਾਂ ਨੂੰ।

ਮਸਤਕ ਵਿੱਚ ਹੀ ਜੇਕਰ ਤੂੰ, ਪਾਲ਼ ਗੁਲਾਮੀ ਚੁੱਕਾ ਏਂ।
ਦੇਣਾ ਦੋਸ਼ ਮੁਨਾਸਿਬ ਨਈਂ, ਫੇਰ ਤੇਰਾ ਜ਼ੰਜ਼ੀਰਾਂ ਨੂੰ।

ਭੱਜ ਰਿਹਾ ਏਂ ਜੇਕਰ ਤੂੰ, ਗੁਰੂਆਂ ਦੇ ਉਪਦੇਸ਼ਾਂ ਤੋਂ।
ਫ਼ਾਇਦਾ ਨਈਂ ਹੈ ਪੂਜਣ ਦਾ, ਮੂਰਤੀਆਂ ਤਸਵੀਰਾਂ ਨੂੰ।

ਮਾਇਆ ਮਿੱਤ ਕਿਸੇ ਦੀ ਨਾ, ਚੰਗੇ ਕਰਮ ਸਹਾਈ ਨੇ।
ਕੌਣ ਭਲਾ ਸਮਝਾਵੇ ਗੁਰ ਇਹ, ਪੈਸੇ ਦੇ ਪੀਰਾਂ ਨੂੰ।

❊ ❊ ❊ ❊ ❊



## ਕਵਿਤਾ-ਰਾਸ਼ਟਰਵਾਦ

**ਝਾਰਖੰਡ ਦੀ ਲੇਖਿਕਾ**
**ਜੁਸ਼ਿਤਾ ਕੇਰਕਟਾ**

ਪਾਣੀ ਦੇ ਰਾਹ ਹੀ ਤੁਸੀਂ
ਨਵੀਂ ਜਮੀਨ ਲੱਭੀ
ਅਤੇ ਨਵੇਂ ਢੰਗ ਨਾਲ ਮਨੁੱਖਾਂ ਉੱਥੇ ਹਮਲੇ ਕੀਤੇ
ਪਾਣੀ ਹੁਣ
ਆਪਣੀ ਜ਼ਮੀਨ ਲੱਭ ਰਿਹਾ ਹੈ
ਉਸਦੇ ਹਮਲਿਆਂ ਤੋਂ ਬਚਣ ਦੇ ਲਈ
ਤੁਹਾਡੇ ਕੋਲ ਕਿਹੜੀ ਬੰਦੂਕ ਹੈ?
ਇਕ ਦਿਨ ਮੀਂਹ ਘਰ ਤੱਕ ਆ ਜਾਵੇਗਾ
ਤੇ ਤੁਹਾਡਾ ਸ਼ਹਿਰ ਰੋੜ੍ਹ ਕੇ ਲੈ ਜਾਵੇਗਾ।
ਤੁਸੀਂ ਕੀ ਕਰੋਗੇ ?
ਕੀ ਉਸ ਨੂੰ ਆਤੰਕੀ ਕਹੋਗੇ
ਅਤੇ ਉਸ ਉੱਤੇ ਬੰਬ ਬਰਸਾਓਗੇ।



## ਕਵਿਤਾ

ਗੁਰਵਿੰਦਰ ਕੌਰ,
ਰੂਪਨਗਰ

ਹਰ ਬੰਦੇ ਕੋਲ ਆਪੋ ਆਪਣੀ,
ਹੈ ਸਾਹਾਂ ਦੀ ਪੂੰਜੀ।
ਕਿੰਨੀ ਖਰਚੀ ਕਿੰਨੀ ਰਹਿ ਗਈ,
ਰੱਬ ਕੋਲ ਇਸ ਦੀ ਕੁੰਜੀ।
ਭੱਜਦੌੜ ਹੈ ਲੱਗੀ ਰਹਿੰਦੀ,
ਸੁਪਨੇ ਦੇਖੇ ਬੰਦਾ।
ਕਦੋਂ ਹੋ ਜਾਣਾ ਖ਼ਤਮ ਇਹ ਮੇਲਾ,
ਬੇਖਬਰਾ ਹੈ ਬੰਦਾ।
ਔਖੇ ਸਾਹ ਭਾਵੇਂ ਸੌਖੇ ਸਾਹ ਨੇ,
ਸਭ ਹੰਢਾਉਣਾ ਪੈਣੈ।
ਅੰਤ ਸਮੇਂ ਬੱਸ ਰੱਬ ਸਹਾਈ,
ਜੱਗ ਤੋਂ ਜਾਣਾ ਪੈਣੈ।
ਹੱਥ ਜੋੜ ਕਰੀਏ ਅਰਦਾਸ,
ਜਿੰਨੇ ਰੱਬ ਨੇ ਦਿੱਤੇ ਸਵਾਸ।
ਮਾੜੇ ਕੰਮ ਨਾ ਕਰੇ ਜੇ ਬੰਦਾ,
ਰਹੇ ਮਨ ਵਿੱਚ ਉਸ ਦਾ ਵਾਸ।
ਉਸਦੀ ਰਜ਼ਾ ਵਿੱਚ ਰਹੀਏ ਸਦਾ ਹੀ,
ਮਿਹਰ ਦੀ ਇੱਕ ਰੱਖੀਏ ਆਸ।

❊ ❊ ❊ ❊ ❊

## ਸ਼ਰਧਾਂਜਲੀ



ਬਹੁਤ ਅਫ਼ਸੋਸ ਨਾਲ ਦੱਸਿਆ ਜਾਂਦਾ ਹੈ ਕਿ ਰੂਪਨਗਰ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਨਗਰ ਦੇ ਵਸਨੀਕ ਸ. ਸੁਰਮੁਖ ਸਿੰਘ ਸੈਣੀ ਦੀ ਪਤਨੀ ਸ਼੍ਰੀਮਤੀ ਕਰਮਜੀਤ ਕੌਰ 4 ਸਤੰਬਰ, 2024 ਨੂੰ ਸੁਰਗਵਾਸ ਹੋ ਗਏ ਹਨ। ਆਪ ਰੂਪਨਗਰ ਦੇ ਸਾਬਕਾ ਕੌਂਸਲਰ ਅਤੇ ਸੈਣੀ ਭਵਨ ਰੂਪਨਗਰ ਦੀ ਕਮੇਟੀ ਦੇ ਉੱਪ ਚੇਅਰਮੈਨ ਸ. ਗੁਰਮੁਖ ਸਿੰਘ ਸੈਣੀ ਦੇ ਭਰਜਾਈ ਜੀ ਸਨ। ਆਪ ਦੇ ਇਸ ਦੁਨੀਆਂ ਤੋਂ ਚਲੇ ਜਾਣ ਨਾਲ ਪਰਿਵਾਰ ਅਤੇ ਬਰਾਦਰੀ ਨੂੰ ਨਾਪੂਰਨਯੋਗ ਘਾਟਾ ਪਿਆ ਹੈ। ਇਹ ਪਰਿਵਾਰ ਸ਼ਹਿਰ ਦੇ ਹਰ ਸਮਾਜਸੇਵੀ ਕਾਰਜ ਵਿੱਚ ਅੱਗੇ ਹੋ ਕੇ ਸ਼ਾਮਿਲ ਹੁੰਦਾ ਹੈ ਅਤੇ ਸੈਣੀ ਭਵਨ ਰੂਪਨਗਰ ਦੀ ਹਰ ਸਰਗਰਮੀ ਵਿੱਚ ਸਹਿਯੋਗ ਕਰਦਾ ਹੈ। ਪਰਮਾਤਮਾ ਬੀਬੀ ਕਰਮਜੀਤ ਕੌਰ ਜੀ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਪਰਿਵਾਰ ਨੂੰ ਸਦਮਾ ਸਹਿਣ ਦਾ ਬਲ ਦੇਵੇ।




## ਪੈਰਿਸ ਓਲੰਪਿਕਸ 2024 ਦੇ ਭਾਰਤੀ ਤਮਗਾ ਜੇਤੂ ਖਿਡਾਰੀ

ਮਨਜੀਤ ਸਿੰਘ ਤੰਬੜ
ਪੰਜੌੜ, ਜ਼ਿਲ੍ਹਾ ਹੁਸ਼ਿਆਰਪੁਰ


ਭਾਰਤ ਦੇ 117 ਖਿਡਾਰੀ, 118 ਸਹਾਇਕ ਅਮਲੇ ਅਤੇ 22 ਅਧਿਕਾਰੀਆਂ ਦੇ ਨਾਲ ਇਸ ਖੇਡ ਮੇਲੇ ਵਿੱਚ ਸ਼ਾਮਲ ਹੋਏ। ਖਿਡਾਰੀਆਂ ਨੇ 16 ਖੇਡਾਂ- ਤੀਰ ਅੰਦਾਜ਼ੀ, ਐਥਲੈਟਿਕਸ, ਬੈਡਮਿੰਟਨ, ਮੁੱਕੇਬਾਜ਼ੀ, ਗੌਲਫ, ਹਾਕੀ, ਜੂੱਡੋ, ਰੋਇੰਗ, ਤੈਰਾਕੀ, ਨਿਸ਼ਾਨੇਬਾਜ਼ੀ, ਕਿਸ਼ਤੀਚਾਲਨ, ਟੇਬਲ ਟੈਨਿਸ, ਟੈਨਿਸ, ਕੁਸ਼ਤੀ, ਵੇਟ੍ਹਲਿਫਟਿੰਗ ਅਤੇ ਨੇਜ਼ਾਸੁੱਟਣ ਦੇ 69 ਮੁਕਾਬਲਿਆਂ ਵਿੱਚ ਭਾਗ ਲੈ ਕੇ, 1 ਚਾਂਦੀ ਅਤੇ 5 ਤਾਂਬਾ ਤਮਗੇ ਹਾਸਲ ਕੀਤੇ। ਭਾਰਤੀਆਂ ਦਾ ਸਟ੍ਰਾਈਕ ਰੇਟ 20 ਬਣਦਾ ਹੈ ਜੋ ਕਿ ਤਮਗੇ ਜਿੱਤਣ ਵਾਲੇ 84 ਦੇਸ਼ਾਂ ਵਿੱਚ 65ਵੇਂ ਦਰਜੇ 'ਤੇ ਹੈ। ਤਮਗਾ ਜੇਤੂ ਦੇਸ਼ਾਂ ਦੀ ਸੂਚੀ ਵਿੱਚ ਭਾਰਤ 71ਵੇਂ ਸਥਾਨ 'ਤੇ ਹੈ। ਭਾਰਤ ਦਾ ਇਹ ਦਰਜਾ ਪਿਛਲੇ ਸਾਲਾਂ ਨਾਲੋਂ ਘਟਿਆ ਹੈ। 2008 ਵਿੱਚ ਭਾਰਤ 50ਵੇਂ, 2012 ਵਿੱਚ 55ਵੇਂ, 2016 ਵਿੱਚ 67ਵੇਂ ਅਤੇ 2021 ਵਿੱਚ 48ਵੇਂ ਸਥਾਨ 'ਤੇ ਸੀ। ਆਬਾਦੀ ਪੱਖੋਂ ਹਰ 24.17 ਕਰੋੜ ਭਾਰਤੀ ਦੇ ਹਿੱਸੇ ਇੱਕ ਤਮਗਾ ਆਉਂਦਾ ਹੈ। ਇਹ ਵਿਸ਼ਵ ਦੇ ਬਹੁਤ ਛੋਟੇ ਛੋਟੇ ਅਤੇ ਆਰਥਿਕ ਪੱਖੋਂ ਪਛੜੇ ਦੇਸ਼ਾਂ ਤੋਂ ਵੀ ਪਿੱਛੇ ਹੈ। ਹੋਰ ਤਾਂ ਹੋਰ ਪਾਕਿਸਤਾਨ ਇੱਕ ਸੋਨ ਤਮਗਾ ਲੈ ਕੇ 62ਵੇਂ ਸਥਾਨ 'ਤੇ ਹੈ।

**ਨੀਰਜ ਚੋਪੜਾ–** ਹਰਿਆਣਾ ਦੇ ਜ਼ਿਲ੍ਹਾ ਪਾਨੀਪਤ ਵਿੱਚ ਛੋਟੇ ਜਿਹੇ ਪਿੰਡ ਖੰਡਰਾ ਦੇ ਜੰਮਪਲ ਸੂਬੇਦਾਰ ਨੀਰਜ ਚੋਪੜਾ ਨੇ 33ਵੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ 89.45 ਮੀਟਰ ਦੂਰੀ ਤੱਕ ਨੇਜ਼ਾ ਸੁੱਟ ਕੇ ਚਾਂਦੀ ਦਾ ਤਮਗਾ ਹਾਸਲ ਕੀਤਾ ਹੈ। ਇਹ ਦੂਰੀ, ਟੋਕੀਓ ਓਲੰਪਿਕ 2020 ਵਿੱਚ ਸੋਨ ਤਮਗਾ ਜਿੱਤਣ ਲਈ ਉਸ ਵਲੋਂ ਪ੍ਰਾਪਤ ਕੀਤੀ ਦੂਰੀ ( 87.03 ਮੀਟਰ) ਤੋਂ 2.42 ਮੀਟਰ ਵੱਧ ਹੈ। ਉਸ ਦੇ ਦੋਸਤ ਪਾਕਿਸਤਾਨ ਦੇ ਅਰਸ਼ਦ ਨਦੀਮ ਨੇ 92.97 ਮੀਟਰ ਦੂਰੀ ਤੱਕ ਨੇਜ਼ਾ ਸੁੱਟ ਕੇ ਸੋਨ ਤਮਗਾ ਲਿਆ ਅਤੇ ਨਵਾਂ ਵਿਸ਼ਵ ਰਿਕਾਰਡ ਬਣਾਇਆ।।



ਨੀਰਜ ਸਾਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰਖਦਾ ਹੈ ਜਿਸ ਨੇ 11 ਸਾਲ ਦੀ ਉਮਰ ਵਿੱਚ ਹੀ ਸਸਤਾ ਜਿਹਾ ਨੇਜ਼ਾ ਖਰੀਦ ਕੇ ਸੁੱਟਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਬਿਹਤਰ ਸਹੂਲਤਾਂ ਲਈ ਪੰਚਕੂਲਾ ਆ ਕੇ ਬਿਨਾਂ ਕਿਸੇ ਕੋਚ ਤੋਂ 8-8 ਘੰਟੇ ਪ੍ਰੈਕਟਿਸ ਕੀਤੀ। ਉਸ ਨੇ ਡੀ.ਏ. ਕਾਲਜ ਚੰਡੀਗੜ੍ਹ ਤੋਂ ਉੱਚ ਸਿੱਖਿਆ ਹਾਸਲ ਕੀਤੀ ਅਤੇ ਵਿਸ਼ਵ ਪੱਧਰੀ ਜੂਨੀਅਰ ਤੇ ਸੀਨੀਅਰ ਨੇਜ਼ਾ ਮੁਕਾਬਲਿਆਂ ਵਿੱਚ ਭਾਗ ਲਿਆ। ਉਸ ਨੇ 2016 ਦੀ ਵਰਲਡ ਚੈਂਪੀਅਨਸ਼ਿਪ ਵਿੱਚ ਥਰੋਅ ਦਾ ਨਵਾਂ ਰਿਕਾਰਡ ਕਾਇਮ ਕੀਤਾ ਅਤੇ ਕਾਮਨਵੈਲਥ ਖੇਡਾਂ ਤੇ ਏਸ਼ੀਅਨ ਖੇਡਾਂ ਵਿੱਚ ਸੋਨ ਤਮਗੇ ਜਿੱਤੇ। ਨੀਰਜ ਚੋਪੜਾ ਦੋ ਓਲੰਪਿਕਸ ਵਿੱਚ ਤਮਗੇ ਜਿੱਤਣ ਵਾਲਾ ਪਹਿਲਾ ਭਾਰਤੀ ਟਰੈਕ ਐਂਡ ਫੀਲਡ ਅਥਲੀਟ ਬਣ ਗਿਆ ਹੈ। ਉਸ ਨੇ ਇਹ ਸਫਲਤਾ ਪੱਟ ਦੇ ਅੰਦਰੂਨੀ ਭਾਗ ਦੀਆਂ ਮਾਸਪੇਸ਼ੀਆਂ ਵਿੱਚ ਗੰਭੀਰ ਦਰਦ ਦੇ ਬਾਵਜੂਦ ਹਾਸਲ ਕੀਤੀ ਹੈ।

**ਮਨੂ ਭਾਕਰ–** ਹਰਿਆਣਾ ਦੇ ਕਸਬਾ ਝੱਜਰ ਦੀ ਰਹਿਣ ਵਾਲੀ 22 ਸਾਲ ਉਮਰ ਦੀ ਸਟਾਰ ਨਿਸ਼ਾਨੇਬਾਜ਼ ਮਨੂ ਭਾਕਰ ਨੇ 10 ਮੀਟਰ ਮਹਿਲਾ ਏਅਰ ਪਿਸਟਲ ਅਤੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਦੋਵੇਂ ਮੁਕਾਬਲਿਆਂ ਵਿੱਚ ਦੋ ਕਾਂਸੀ ਤਮਗੇ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਆਜ਼ਾਦੀ ਤੋਂ ਬਾਅਦ ਇੱਕੋ ਓਲੰਪਿਕਸ ਵਿੱਚ ਦੋ ਤਮਗੇ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਹੈ। ( ਆਜ਼ਾਦੀ ਤੋਂ ਪਹਿਲਾਂ ਪੈਰਿਸ ਓਲੰਪਿਕਸ, 1900 ਵਿੱਚ ਬਰਤਾਨਵੀ ਮੂਲ ਦੇ ਖਿਡਾਰੀ ਨੌਰਮਨ ਪ੍ਰਿਚਰਡ ਨੇ 200 ਮੀਟਰ ਸਪਰਿੰਟ ਅਤੇ 200 ਮੀਟਰ ਅੜਿੱਕਾ ਦੌੜ ਵਿੱਚ ਦੋ ਚਾਂਦੀ ਦੇ ਤਮਗੇ ਜਿੱਤੇ ਸਨ।) ਮਨੂ ਨੇ ਮਿਕਸਡ ਟੀਮ ਦਾ ਤਮਗਾ ਆਪਣੇ ਸਾਥੀ ਸਰਬਜੋਤ ਸਿੰਘ ਨਾਲ ਮਿਲ ਕੇ ਹਾਸਲ ਕੀਤਾ। ਉਸ ਨੇ 25 ਮੀਟਰ ਪਿਸਟਲ ਮੁਕਾਬਲੇ ਵਿੱਚ ਵੀ ਚੌਥਾ ਸਥਾਨ ਹਾਸਲ ਕੀਤਾ। ਮਨੂ ਭਾਕਰ ਬੈਡਮਿੰਟਨ ਖਿਡਾਰਨ ਪੀ.ਵੀ.ਸੰਧੂ ਮਗਰੋਂ ਓਲੰਪਿਕ ਤਮਗਾ ਜਿੱਤਣ ਵਾਲੀ ਸਭ ਤੋਂ ਘੱਟ ਉਮਰ ਦੀ ਖਿਡਾਰਨ ਹੈ। ਉਸ ਨੂੰ ਨਿਸ਼ਾਨੇਬਾਜ਼ੀ ਦੀ ਸਿਖਲਾਈ ਕੋਚ ਜਸਪਾਲ ਰਾਣਾ ਨੇ ਦਿੱਤੀ। ਉਸ ਨੇ ਪਬਲਿਕ ਐਡਮਨਿਸਟਰੇਸ਼ਨ ਵਿਸ਼ੇ ਵਿੱਚ ਪੋਸਟਗ੍ਰੈਜੂਏਸ਼ਨ ਡੀ.ਏ.ਕਾਲਜ ਚੰਡੀਗੜ੍ਹ ਤੋਂ ਕੀਤੀ ਅਤੇ ਹੁਣ ਇਸ ਕਾਲਜ ਵਿੱਚ ਹੀ ਮਾਸ ਕਮਿਊਨੀਕੇਸ਼ਨ ਵਿੱਚ ਪੋਸਟ ਗ੍ਰੈਜੂਏਟ ਡਿਪਲੋਮਾ ਕਰ ਰਹੀ ਹੈ। ਉਸ ਨੇ ਟੋਕੀਓ ਓਲੰਪਿਕਸ ਵਿੱਚ ਵੀ ਭਾਗ ਲਿਆ ਸੀ ਪਰ ਮੌਕੇ 'ਤੇ ਉਸ ਦੇ ਪਿਸਟਲ ਵਿੱਚ ਖਰਾਬੀ ਆ ਜਾਣ ਕਰ ਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ।



**ਸਰਬਜੋਤ ਸਿੰਘ–** ਅੰਬਾਲਾ ਦੇ ਨਜ਼ਦੀਕ ਪਿੰਡ ਧੀਨ ਦੇ ਵਸਨੀਕ ਸ. ਜਤਿੰਦਰ ਸਿੰਘ ਦੇ ਪੁੱਤਰ ਨਿਸ਼ਾਨੇਬਾਜ਼ ਸਰਬਜੋਤ ਸਿੰਘ ਨੇ ਮਨੂ ਭਾਕਰ ਦੇ ਨਾਲ ਮਿਲ ਕੇ 10 ਮੀਟਰ ਏਅਰ ਪਿਸਟਲ ਮਿਕਸਡ ਮੁਕਾਬਲੇ ਵਿੱਚ ਕਾਂਸੀ ਤਮਗਾ ਹਾਸਲ ਕੀਤਾ ਹੈ। ਉਹ ਇਸ ਸਮੇਂ ਡੀ.ਏ.ਵੀ ਕਾਲਜ ਚੰਡੀਗੜ੍ਹ ਵਿਚ ਮਾਰਕੀਟਿੰਗ ਮੈਨੇਜਮੈਂਟ ਦਾ ਪੋਸਟ ਗ੍ਰੈਜੂਏਟ ਡਿਪਲੋਮਾ ਕਰ ਰਿਹਾ ਹੈ। 22 ਸਾਲ ਉਮਰ ਦੇ ਇਸ



ਨੌਜਵਾਨ ਖਿਡਾਰੀ ਨੇ ਅੰਬਾਲਾ ਦੇ ਫੀਨਿਕਸ ਕਲੱਬ ਸਥਿਤ ਅਭਿਸ਼ੇਕ ਰਾਣਾ ਦੀ ਏ.ਆਰ. ਸ਼ੂਟਿੰਗ ਅਕੈਡਮੀ ਤੋਂ ਸਿਖਲਾਈ ਲਈ ਹੈ। ਉਸ ਨੂੰ ਇਸ ਪਹਿਲੇ ਹੀ ਓਲੰਪਿਕ ਵਿੱਚ ਉਦੋਂ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ ਜਦੋਂ ਉਹ ਵਿਅਕਤੀਗਤ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਮਾਮੂਲੀ ਫ਼ਰਕ ਨਾਲ ਖੁੰਝ ਗਿਆ। ਸਰਬਜੋਤ ਸਿੰਘ ਦਾ ਜੱਦੀ ਪਿੰਡ ਲਾਲੜੂ ਦੇ ਪਾਸ ਬਟੌਲੀ ਹੈ ਪਰ ਹੁਣ ਉਸ ਦਾ ਪਿਤਾ ਧੀਨ ਵਿਖੇ ਖੇਤੀ ਕਰਦਾ ਹੈ। ਨਿਸ਼ਾਨੇਬਾਜ਼ੀ ਦੀ ਸਿਖਲਾਈ ਲਈ ਉਸ ਨੂੰ ਆਪਣੇ ਪਿੰਡ ਤੋਂ ਹਰ ਰੋਜ਼ 35 ਕਿਲੋਮੀਟਰ ਦਾ ਸਫਰ ਕਰ ਕੇ ਅੰਬਾਲਾ ਆਉਣਾ ਪੈਂਦਾ ਸੀ। ਉਸ ਦੇ ਪਿਤਾ ਦੀ ਖੇਤੀਬਾੜੀ ਤੋਂ ਆਮਦਨ ਸੀਮਿਤ ਹੈ ਪਰ ਇਸ ਦੇ ਬਾਵਜੂਦ ਅਮਰੀਕਾ ਰਹਿੰਦੇ ਉਸ ਦੇ ਦਾਦਾ ਨੇ ਸਰਬਜੋਤ ਨੂੰ ਮਹਿੰਗੇ ਸ਼ੂਟਿੰਗ ਉਪਕਰਨਾਂ ਦੀ ਕਮੀ ਨਹੀਂ ਆਉਣ ਦਿੱਤੀ। ਆਸ ਹੈ, ਸਰਬਜੋਤ ਸਿੰਘ ਅਗਲੀਆਂ ਓਲੰਪਿਕ ਖੇਡਾਂ ਵਿੱਚ ਹੋਰ ਉੱਚੀਆਂ ਪੁਲਾਂਘਾਂ ਪੁੱਟੇਗਾ।

**ਸਵਪਨਿਲ ਕੁਸਾਲੇ–** ਮਹਾਂਰਾਸ਼ਟਰ ਸੂਬੇ ਦੇ ਜ਼ਿਲ੍ਹਾ ਕੋਹਲਾਪੁਰ ਦੀ ਤਹਿਸੀਲ ਰਾਧਾਨਗਰੀ ਦੇ ਪਿੰਡ ਕੰਬਲਵਾੜੀ ਦੇ ਵਸਨੀਕ ਇਸ 29 ਸਾਲ ਦੇ ਨੌਜਵਾਨ ਖਿਡਾਰੀ ਨੇ 50 ਮੀਟਰ ਰਾਈਫਲ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਹੈ। ਸਵਪਨਿਲ ਦਾ ਪਿਤਾ ਸੁਰੇਸ਼ ਕੁਸਾਲੇ ਅਤੇ ਭਰਾ ਸਰਕਾਰੀ ਸਕੂਲ 'ਚ ਅਧਿਆਪਕ ਹਨ ਅਤੇ ਮਾਤਾ ਅਨੀਤਾ ਪਿੰਡ ਦੀ ਸਰਪੰਚ ਹੈ।



29 ਸਾਲ ਦਾ ਇਹ ਨਿਸ਼ਾਨੇਬਾਜ਼ ਰੇਲਵੇ ਵਿਭਾਗ ਵਿੱਚ ਟਿਕਟ ਕੁਲੈਕਟਰ ਹੈ। ਉਹ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਨੂੰ ਆਪਣਾ ਪ੍ਰੇਰਨਾਸਰੋਤ ਮੰਨਦਾ ਹੈ। ਸ਼੍ਰੀਮਤੀ ਦੀਪਾਲੀ ਦੇਸ਼ਪਾਂਡੇ ਉਸ ਦੀ ਨਿਜੀ ਕੋਚ ਹੈ ਜਿਸ ਨੂੰ ਉਹ ਮਾਂ ਦੇ ਸਮਾਨ ਮੰਨਦਾ ਹੈ। ਪਹਿਲੀ ਵੇਰ ਓਲੰਪਿਕ ਵਿੱਚ ਹਿੱਸਾ ਲੈਣ ਵਾਲਾ ਸਵਪਨਿਲ ਕੁਸਾਲੇ ਨੇ ਅੱਠ ਨਿਸ਼ਾਨੇਬਾਜ਼ਾਂ ਦੇ ਫਾਈਨਲ ਮੁਕਾਬਲੇ ਵਿੱਚ 451.1 ਅੰਕ ਹਾਸਲ ਕਰ ਕੇ ਤੀਜਾ ਸਥਾਨ ਲਿਆ ਅਤੇ ਕਾਂਸੀ ਤਮਗਾ ਪ੍ਰਾਪਤ ਕੀਤਾ ਹੈ। ਉਸ ਨੇ ਸਾਂਗਲੀ ਵਿਖੇ ਪਬਲਿਕ ਸਕੂਲ ਵਿੱਚ ਪੜ੍ਹਦਿਆਂ ਹੀ ਨਿਸ਼ਾਨੇਬਾਜ਼ੀ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਬਾਅਦ ਵਿੱਚ ਉੱਚ-ਸਿਖਲਾਈ ਲਈ ਨਾਸਿਕ ਚਲੇ ਗਿਆ ਸੀ। ਉਸ ਨੇ ਆਪਣੀ ਅਣਥੱਕ ਮਿਹਨਤ ਸਦਕਾ ਤਮਗਾ ਹਾਸਲ ਕੀਤਾ ਹੈ ਅਤੇ ਹੋਰ ਉੱਚੀਆਂ ਪੁਲਾਂਘਾਂ ਲਈ ਤਿਆਰ ਹੈ।

**ਅਮਨ ਸਹਿਰਾਵਤ–** ਹਰਿਆਣਾ ਦੇ ਪਿੰਡ ਬਿਰੋਹਰ ਦੇ ਜੰਮਪਲ ਇਸ ਪਹਿਲਵਾਨ ਨੇ ਪੁਰਸ਼ਾ ਦੇ 57 ਕਿੱਲੋ ਭਾਰ ਵਰਗ ਦੇ ਫ੍ਰੀ ਸਟਾਈਲ਼ ਮੁਕਾਬਲੇ ਵਿੱਚ ਪੋਰਟੋ ਰਿਕੋ ਦੇ ਪਹਿਲਵਾਨ ਡਾਰੀਅਨ ਟੋਈ ਨੂੰ 13-5 ਨਾਲ ਹਰਾ ਕੇ ਕਾਂਸੀ ਤਮਗਾ ਜਿੱਤਿਆ ਹੈ। 21 ਸਾਲ,24 ਦਿਨ ਦੀ ਉਮਰ ਵਿੱਚ ਓਲੰਪਿਕ ਤਮਗਾ ਜਿੱਤਣ ਵਾਲਾ ਉਹ ਸਭ ਤੋਂ ਘੱਟ ਉਮਰ ਦਾ ਖਿਡਾਰੀ ਬਣ ਗਿਆ ਹੈ। ਇਸ ਤੋਂ ਪਹਿਲਾਂ ਪੀ ਵੀ ਸਿੰਧੂ ਰਿਓ ਓਲੰਪਿਕਸ ਵਿੱਚ ਸਭ ਤੋਂ ਘੱਟ ਉਮਰ ਵਿੱਚ ਤਮਗਾ ਜਿੱਤਣ ਵਾਲੀ ਖਿਡਾਰਨ ਸੀ।



ਅੰਡਰ-23 ਵਿਸ਼ਵ ਚੈਂਪੀਅਨ ਸਹਿਰਾਵਤ ਪੈਰਿਸ ਓਲੰਪਿਕਸ ਲਈ ਕੁਆਲੀਫਾਈ ਕਰਨ ਵਾਲਾ ਇੱਕੋ ਇੱਕ ਭਾਰਤੀ ਪੁਰਸ਼ ਪਹਿਲਵਾਨ ਹੈ। ਉਹ ਹਰਿਆਣਾ ਦੇ ਮਕਬੂਲ ਛਤਰਸਾਲ ਅਖਾੜੇ ਦਾ ਪਹਿਲਵਾਨ ਹੈ। ਇਸ ਅਖਾੜੇ ਨੇ ਭਾਰਤ ਨੂੰ ਚਾਰ ਓਲੰਪਿਕ ਜੇਤੂ ਪਹਿਲਵਾਨ-ਸੁਸ਼ੀਲ ਕੁਮਾਰ, ਯੋਗੇਸ਼ਵਰ ਦੱਤ, ਬਜਰੰਗ ਪੂਨੀਆਂ ਅਤੇ ਟੋਕੀਓ ਓਲੰਪਿਕਸ, 2020 ਦੇ ਚਾਂਦੀ ਤਮਗਾ ਜੇਤੂ ਰਵੀ ਦਹੱਈਆ ਦਿੱਤੇ ਹਨ।

**ਹਾਕੀ–** ਓਲੰਪਿਕ ਇਤਿਹਾਸ ਵਿੱਚ 1928 ਤੋਂ 1980 ਤੱਕ ਭਾਰਤੀ ਹਾਕੀ ਨੂੰ ਦੁਨੀਆਂ ਦਾ ਮੀਰੀ ਮੰਨਿਆਂ ਜਾਂਦਾ ਸੀ। ਇਸ ਦੌਰਾਨ 12 ਓਲੰਪਿਕਸ ਹੋਈਆਂ ਜਿਨ੍ਹਾਂ ਵਿੱਚ ਭਾਰਤੀ ਟੀਮ ਨੇ 8 ਸੋਨ ਤਮਗੇ, 1 ਚਾਂਦੀ ਅਤੇ 2 ਕਾਂਸੀ ਤਮਗੇ ਜਿੱਤੇ। ਫਿਰ 41 ਸਾਲ ਦੇ ਸੋਕੇ ਤੋਂ ਬਾਅਦ 2021 ਵਿੱਚ ਹੋਈਆਂ 32ਵੀਆਂ ਟੋਕੀਓ ਓਲੰਪਿਕਸ ਵਿੱਚ ਕਾਂਸੀ ਤਮਗਾ ਹਾਸਲ ਹੋਇਆ



ਅਤੇ ਹੁਣ 2024 ਦੀਆਂ ਪੈਰਿਸ ਓਲੰਪਿਕਸ ਵਿੱਚ ਭਾਰਤੀ ਹਾਕੀ ਟੀਮ ਨੇ ਫਾਈਨਲ ਮੁਕਾਬਲੇ ਵਿੱਚ ਸਪੇਨ ਨੂੰ 2-1 ਨਾਲ ਹਰਾ ਕੇ ਕਾਂਸੀ ਤਮਗਾ ਜਿੱਤਿਆ ਹੈ। ਭਾਰਤ ਨੇ 1972 ਮਗਰੋਂ ਪਹਿਲੀ ਵਾਰ ਲਗਾਤਾਰ ਦੂਜਾ ਤਮਗਾ ਜਿੱਤਿਆ ਹੈ। ਇਸ ਟੀਮ ਦੇ 10 ਖਿਡਾਰੀ ਪੰਜਾਬੀ ਹਨ। ਇਸ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਤੀਜੀ ਓਲੰਪਿਕਸ ਵਿੱਚ ਖੇਡੇ ਹਨ।

ਕੁਸ਼ਤੀ ਮੁਕਾਬਲੇ ਵਿੱਚ ਸੋਨ ਤਮਗੇ ਦੀ ਹੱਕਦਾਰ ਵਿਨੇਸ਼ ਫੋਗਾਟ 100ਗ੍ਰਾਮ ਭਾਰ ਵਧ ਜਾਣ ਕਾਰਨ ਮੁਕਾਬਲੇ ਦੇ ਅਯੋਗ ਕਰਾਰ ਕਰ ਦਿੱਤੀ ਗਈ।

....ਬਾਕੀ ਸਫਾ 24 ਤੇ



## ਪੈਰਿਸ ਓਲੰਪਿਕਸ, 2024 ਦੇ ਪੰਜਾਬੀ ਖਿਡਾਰੀ

ਰਾਜਿੰਦਰ ਸਿੰਘ ਗਿਰਨ
ਰੂਪਨਗਰ

ਪੈਰਿਸ ਓਲੰਪਿਕਸ ਦੇ 117 ਭਾਰਤੀ ਖਿਡਾਰੀਆਂ ਵਿੱਚੋਂ 20 ਪੰਜਾਬ ਦੇ ਸਨ। ਇਨ੍ਹਾਂ ਵਿੱਚ 2 ਹਾਕੀ ਖਿਡਾਰੀ ਰਾਖਵੇਂ ਸਨ। ਇਨ੍ਹਾਂ ਵਿੱਚੋਂ ਹਾਕੀ ਦੇ 10, ਨਿਸ਼ਾਨੇਬਾਜ਼ੀ ਦੇ 7, ਐਥਲੈਟਿਕਸ ਦੇ 2 ਅਤੇ ਗੌਲਫ ਦਾ 1 ਖਿਡਾਰੀ ਸੀ। ਇਨ੍ਹਾਂ ਵਿੱਚੋਂ 9 ਖਿਡਾਰੀ ਪਹਿਲਾਂ ਵੀ ਓਲੰਪਿਕਸ 'ਚ ਹਿੱਸਾ ਲੈ ਚੁੱਕੇ ਸਨ। ਪੰਜਾਬ ਸਰਕਾਰ ਨੇ ਹਰ ਤਮਗਾ ਜੇਤੂ ਖਿਡਾਰੀ ਨੂੰ 1 ਕਰੋੜ ਰੁਪਏ ਅਤੇ ਭਾਗ ਲੈਣ ਵਾਲੇ ਨੂੰ 15 ਲੱਖ ਰੁਪਏ ਇਨਾਮ ਵਜੋਂ ਦਿੱਤੇ ਹਨ। ਇਨ੍ਹਾਂ ਖਿਡਾਰੀਆਂ ਦਾ ਵੇਰਵਾ ਇਸ ਪ੍ਰਕਾਰ ਹੈ:-

**ਹਰਮਨਪ੍ਰੀਤ ਸਿੰਘ–** ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤਿੰਮੋਵਾਲ ਵਿੱਚ 6 ਜਨਵਰੀ, 1996 ਨੂੰ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਜਨਮਿਆਂ ਇਹ ਓਲੰਪੀਅਨ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। ਇਹ ਉਸ ਦਾ ਤੀਜਾ ਓਲੰਪਿਕਸ ਸੀ। ਉਹ ਡਿਫੈਂਡਰ ਅਤੇ ਡਰੈਗ ਫਲਿੱਕਰ ਹੈ। ਉਹ ਇਸ ਸਮੇ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ ਹੈ। ਹਰਮਨਪ੍ਰੀਤ ਸਿੰਘ ਨੇ ਇਸ ਓਲੰਪਿਕ ਦੇ ਹਾਕੀ ਮੈਚਾਂ ਵਿੱਚ ਭਾਰਤ ਵਲੋਂ ਰਿਕਾਰਡ 10 ਗੋਲ ਕੀਤੇ। ਉਹ ਭਾਰਤ ਵਲੋਂ ਗੋਲ ਕਰਨ ਵਿੱਚ ਧਿਆਨ ਚੰਦ ਅਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ 'ਤੇ ਹੈ। ਉਸ ਨੂੰ ਭਾਰਤ ਸਰਕਾਰ ਨੇ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਹੋਇਆ ਹੈ।

**ਹਾਰਦਿਕ ਸਿੰਘ–** ਉਹ ਪੈਰਿਸ ਓਲੰਪਿਕਸ ਵਿੱਚ ਕਾਂਸੀ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਉਪ ਕਪਤਾਨ ਸੀ ਜਿਸ ਨੇ ਦੂਜੀ ਓਲੰਪਿਕਸ ਖੇਡੀ ਹੈ। ਉਹ ਜਲੰਧਰ ਦੀ ਬੁੱਕਲ ਵਿੱਚ ਵਸੇ ਪਿੰਡ ਖੁਸਰੋਪੁਰ ਦੇ ਖੇਡ ਪਰਿਵਾਰ ਦਾ ਵਾਰਸ ਹੈ ਜਿਸ ਨੇ ਓਲੰਪਿਕਸ ਦੇ ਸੋਨ ਤਮਗਾ ਜੇਤੂ ਗੁਰਮੇਲ ਸਿੰਘ, ਏਸ਼ੀਆਈ ਖੇਡਾਂ ਦੀ ਸੋਨ ਤਮਗਾ ਜੇਤੂ ਰਾਜਬੀਰ ਕੌਰ ਅਤੇ ਜੂਨੀਅਰ ਵਿਸ਼ਵ ਕੱਪ ਜੇਤੂ ਜੁਗਰਾਜ ਸਿੰਘ ਦੇਸ਼ ਨੂੰ ਦਿੱਤੇ ਹਨ। ਹਾਰਦਿਕ ਸਿੰਘ ਮਿੱਡਫੀਲਡਰ ਹੈ। ਉਹ ਪੰਜਾਬ ਸਰਕਾਰ ਵਿੱਚ ਪੀ.ਸੀ.ਐਸ. ਅਧਿਕਾਰੀ ਹੈ।

**ਮਨਪ੍ਰੀਤ ਸਿੰਘ–** ਭਾਰਤੀ ਹਾਕੀ ਟੀਮ ਦੇ ਸਭ ਤੋਂ ਤਜੁਰਬੇਕਾਰ ਇਸ ਖਿਡਾਰੀ ਨੇ ਇਸ ਵਾਰ ਆਪਣੀ ਰਿਕਾਰਡ ਚੌਥੀ ਓਲੰਪਿਕਸ ਖੇਡੀ ਹੈ। ਜਲੰਧਰ ਦੇ ਨਜ਼ਦੀਕ ਮਿੱਠਾਪੁਰ ਪਿੰਡ ਦਾ ਵਸਨੀਕ ਮਨਪ੍ਰੀਤ ਟੋਕੀਓ ਓਲੰਪਿਕਸ ਵਿੱਚ ਤਮਗਾ ਜਿੱਤਣ ਵਾਲੀ ਭਾਰਤੀ ਟੀਮ ਦਾ ਕਪਤਾਨ ਸੀ। ਮਿੱਡਫੀਲਡ ਵਿੱਚ ਉਹ ਟੀਮ ਦੀ ਜਿੰਦਜਾਨ ਹੈ । ਉਹ 350 ਤੋਂ ਵੱਧ ਮੈਚ ਖੇਡ ਚੁੱਕਾ ਹੈ।

**ਮਨਦੀਪ ਸਿੰਘ–** ਮਨਪ੍ਰੀਤ ਸਿੰਘ ਦੇ ਗਰਾਈਂ ਮਨਦੀਪ ਸਿੰਘ ਨੇ ਇਸ ਵਾਰ ਆਪਣੀ ਦੂਜੀ ਓਲੰਪਿਕ ਖੇਡੀ ਹੈ। ਭਾਰਤੀ ਫਾਰਵਰਡ ਲਾਈਨ ਦਾ ਸਭ ਤੋਂ ਤਜ਼ਰਬੇਕਾਰ ਇਹ ਖਿਡਾਰੀ ਹੁਣ ਤੱਕ 250 ਤੋਂ ਵੱਧ ਮੈਚ ਖੇਡ ਕੇ 100 ਤੋਂ ਵੱਧ ਗੋਲ ਕਰ ਚੁੱਕਾ ਹੈ।

**ਗੁਰਜੰਟ ਸਿੰਘ–** ਅੰਮ੍ਰਿਤਸਰ ਦੇ ਪਿੰਡ ਖਲਿਹਾਰਾ ਦਾ ਵਸਨੀਕ ਇਹ ਖਿਡਾਰੀ ਲੈਫਟ ਵਿੰਗਰ ਹੈ ਜੋ ਕਿ ਆਪਣੀ ਤੇਜ਼ ਤਰਾਰ ਖੇਡ ਲਈ ਜਾਣਿਆਂ ਜਾਂਦਾ ਹੈ। ਹਾਲੈਂਡ ਖਿਲਾਫ ਇੱਕ ਮੈਚ ਵਿੱਚ 13 ਸਕਿੰਟ ਵਿੱਚ ਗੋਲ ਕਰ ਕੇ ਸਭ ਤੋਂ ਤੇਜ਼ ਗੋਲ ਕਰਨ ਵਾਲਾ ਇਹ ਭਾਰਤੀ ਖਿਡਾਰੀ ਨੇ ਦੂਜੀ ਵਾਰ ਓਲੰਪਿਕ ਖੇਡੀ ਹੈ। ਉਹ ਪੰਜਾਬ ਸਰਕਾਰ ਵਿੱਚ ਪੀ.ਸੀ.ਐਸ. ਅਫ਼ਸਰ ਵਜੋਂ ਸੇਵਾਵਾਂ ਨਿਭਾ ਰਿਹਾ ਹੈ।

**ਸ਼ਮਸ਼ੇਰ ਸਿੰਘ–** ਪੰਜਾਬ ਦੇ ਸਰਹੱਦੀ ਪਿੰਡ ਅਟਾਰੀ ਦਾ ਵਸਨੀਕ ਸ਼ਮਸ਼ੇਰ ਸਿੰਘ ਦੂਜੀ ਵਾਰ ਓਲੰਪਿਕਸ ਖੇਡਿਆ ਹੈ। ਉਹ ਭਾਰਤੀ ਫਾਰਵਰਡ ਲਾਈਨ ਦੇ ਤਜੁਰਬੇਕਾਰ ਖਿਡਾਰੀਆਂ ਵਿੱਚੋ 'ਇੱਕ ਹੈ। ਉਹ ਖੇਡ ਸਮੇਂ ਸ਼ਾਂਤਚਿੱਤ ਸੁਭਾਅ ਕਰ ਕੇ ਜਾਣਿਆਂ ਜਾਂਦਾ ਹੈ।

**ਜਰਮਨਪ੍ਰੀਤ ਸਿੰਘ ਬਲ–** ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਾਜ਼ਦਾਨ ਦਾ ਵਸਨੀਕ ਜਰਮਨਪ੍ਰੀਤ ਸਿੰਘ ਆਪਣੀ ਸਾਬਤ ਸੂਰਤ ਸਿੱਖੀ ਦਿੱਖ ਅਤੇ ਲੰਮੇ ਕੱਦ ਕਾਰਨ ਹਾਕੀ ਦੇ ਮੈਦਾਨ ਵਿੱਚ ਵੱਖਰੀ ਹੀ ਪਛਾਣ ਰਖਦਾ ਹੈ। ਆਪਣੀ ਵਿੱਲਖਣ ਪਹਿਚਾਣ ਕਾਇਮ ਰੱਖਣ ਦੀ ਜੁਅਰਤ ਕਾਰਨ ਉਸ ਨੂੰ ਸ਼੍ਰੋ.ਗੁਰ.ਪ੍ਰ.,ਕਮੇਟੀ ਨੇ ਸਨਮਾਨਿਤ ਕੀਤਾ ਹੈ। ਭਾਰਤੀ ਡਿਫੈਂਸ ਲਾਈਨ ਵਿੱਚ ਖੇਡਦਾ ਆਪਣੇ ਲੰਬੇ ਸ਼ਾਟ ਕਰ ਕੇ ਉਹ ਫਾਰਵਰਡ ਲਾਈਨ ਲਈ ਫੀਡਰ ਦਾ ਕੰਮ ਕਰਦਾ ਹੈ।

**ਸੁਖਜੀਤ ਸਿੰਘ–** ਅੰਮ੍ਰਿਤਸਰ ਜ਼ਿਲ੍ਹੇ ਦੇ ਜੱਦੀ ਪਿਛੋਕੜ ਵਾਲਾ ਸੁਖਜੀਤ ਸਿੰਘ ਹੁਣ ਜਲੰਧਰ ਸ਼ਹਿਰ ਦਾ ਵਸਨੀਕ ਹੈ। ਭਾਰਤੀ ਹਾਕੀ ਦੀ ਫਾਰਵਰਡ ਲਾਈਨ ਵਿੱਚ ਸ਼ਾਮਲ ਨਵੇਂ ਖਿਡਾਰੀਆਂ ਵਿੱਚੋ 'ਇੱਕ ਏਸ਼ਿਆਈ ਖੇਡਾਂ ਅਤੇ ਏਸ਼ੀਅਨ ਚੈਂਪੀਅਨ ਟਰਾਫੀ ਦਾ ਸੋਨ ਤਮਗਾ ਜੇਤੂ ਖਿਡਾਰੀ ਹੈ। ਖੇਡ ਮੈਦਾਨ ਦੀ ਡੀ ਅੰਦਰ ਉਹ ਬਹੁਤ ਕਾਰਗਰ ਸਾਬਤ ਹੁੰਦਾ ਹੈ।

ਉਪਰੋਕਤ ਅੱਠ ਖਿਡਾਰੀਆਂ ਤੋਂ ਇਲਾਵਾ ਗੋਲਚੀ ਕ੍ਰਿਸ਼ਨ ਬਹਾਦਰ ਪਾਠਕ ਅਤੇ ਡਰੈਗ ਫਲਿਕਰ ਜੁਗਰਾਜ ਸਿੰਘ ਭਾਰਤੀ ਟੀਮ ਵਿੱਚ ਰਾਖਵੇਂ ਖਿਡਾਰੀ ਵਜੋਂ ਸ਼ਾਮਲ ਸਨ।

ਅੰਜੁਮ ਮੋਦਗਿਲ– ਸਾਬਕਾ ਵਿਸ਼ਵ ਨੰਬਰ ਇੱਕ ਨਿਸ਼ਾਨੇਬਾਜ਼ ਅੰਜੁਮ ਮੋਦਗਿਲ ਨੇ ਦੂਜੀ ਓਲੰਪਿਕ ਖੇਡੀ ਹੈ। ਪੰਜਾਬ ਪੁਲਿਸ ਵਿੱਚ ਸਬ ਇੰਸਪੈਕਟਰ ਇਸ ਅਰਜੁਨ ਐਵਾਰਡੀ ਖਿਡਾਰਨ ਨੇ 50 ਮੀਟਰ ਰਾਈਫਲ ਥ੍ਰੀ ਪੁਜ਼ੀਸ਼ਨ ਮੁਕਾਬਲੇ ਵਿੱਚ ਭਾਗ ਲਿਆ ਪ੍ਰੰਤੂ ਕੋਈ ਤਮਗਾ ਲੈਣ ਵਿੱਚ ਕਾਮਯਾਬ ਨਹੀਂ ਹੋਈ।

**ਸਿਫਤ ਕੌਰ ਸਮਰਾ–** ਭਾਰਤ ਦੀ ਇਹ ਉੱਭਰਦੀ ਨਿਸ਼ਾਨੇਬਾਜ਼ ਏਸ਼ਿਆਈ ਖੇਡਾਂ ਵਿੱਚ ਵਿਸ਼ਵ ਰਿਕਾਰਡ ਨਾਲ ਸੋਨ ਤਮਗਾ ਜਿੱਤ ਚੁੱਕੀ ਹੈ। ਫਰੀਦਕੋਟ ਸ਼ਹਿਰ ਦੀ ਸਿਫ਼ਤ

ਕੌਰ ਨੇ ਆਪਣੀ ਖੇਡ ਵਾਸਤੇ ਡਾਕਟਰੀ ਦੀ ਪੜ੍ਹਾਈ ਛੱਡ ਦਿੱਤੀ ਹੈ। ਉਸ ਨੇ ਵੀ 50 ਮੀਟਰ ਰਾਈਫਲ ਥ੍ਰੀ ਵਿੱਚ ਭਾਗ ਲਿਆ ਪਰ ਕੋਈ ਪੁਜ਼ੀਸ਼ਨ ਹਾਸਲ ਨਹੀਂ ਕਰ ਸਕੀ।

**ਰਾਜੇਸ਼ਵਰੀ ਕੁਮਾਰੀ–** ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਵਾਰਸ ਇਸ ਖਿਡਾਰਨ ਨੇ ਟਰੈਪ ਸ਼ੂਟਿੰਗ ਵਿੱਚ ਹਿੱਸਾ ਲਿਆ ਪਰ ਤਮਗਾ ਨਹੀਂ ਜਿੱਤ ਸਕੀ। ਉਸ ਦੇ ਪਿਤਾ ਰਾਜਾ ਰਣਧੀਰ ਸਿੰਘ 6 ਓਲੰਪਿਕਸ ਖੇਡ ਚੁੱਕੇ ਹਨ। ਰਾਜੇਸ਼ਵਰੀ, ਵਿਸ਼ਵ ਕੱਪ ਅਤੇ ਏਸ਼ਿਆਈ ਖੇਡਾਂ ਦੀ ਚਾਂਦੀ ਤਮਗਾ ਜੇਤੂ ਹੈ।

**ਅਰਜੁਨ ਬਬੂਟਾ–** ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਕਸਬੇ ਦਾ ਜੰਮਪਲ ਅਤੇ ਮੁਹਾਲੀ ਵਿਖੇ ਰਹਿੰਦੇ ਅਰਜੁਨ ਬਬੂਟਾ ਨੇ 10 ਮੀਟਰ ਏਅਰ ਰਾਈਫਲ ਦੇ ਪੁਰਸ਼ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਭਾਗ ਲਿਆ। ਉਹ ਵਿਅਕਤੀਗਤ ਪੁਰਸ਼ ਮੁਕਾਬਲੇ ਵਿੱਚ ਚੌਥੇ ਸਥਾਨ 'ਤੇ ਰਿਹਾ ਅਤੇ ਕੋਈ ਤਮਗਾ ਹਾਸਲ ਨਹੀਂ ਕਰ ਸਕਿਆ। ਉਹ ਵਿਸ਼ਵ ਕੱਪ ਵਿੱਚ ਦੂਹਰਾ ਸੋਨ ਤਮਗਾ ਜੇਤੂ ਹੈ।

**ਅਰਜੁਨ ਸਿੰਘ ਚੀਮਾ–**ਮੰਡੀ ਗੋਬਿੰਦਗੜ੍ਹ ਦੇ ਵਸਨੀਕ ਅਰਜੁਨ ਚੀਮਾ ਨੇ 10 ਮੀਟਰ ਏਅਰ ਪਿਸਟਲ ਈਵੈਂਟ ਦੇ ਪੁਰਸ਼ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਭਾਗ ਲਿਆ ਪਰ ਕੋਈ ਤਮਗਾ ਹਾਸਲ ਨਹੀਂ ਕਰ ਸਕਿਆ। ਉਹ ਪਿਛਲੇ ਸਾਲ ਹੋਈਆਂ ਹਾਂਗਜ਼ੂ ਏਸ਼ਿਆਈ ਖੇਡਾਂ ਦਾ ਸੋਨ ਤਮਗਾ ਜੇਤੂ ਹੈ।

**ਵਿਜੈ ਸਿੰਘ ਸਿੱਧੂ–** ਮਾਨਸਾ ਦੇ ਜੰਮਪਲ ਅਤੇ ਮੁਹਾਲੀ ਰਹਿੰਦੇ ਇਸ ਖਿਡਾਰੀ ਨੇ 25 ਮੀਟਰ ਰੈਪਿਡ ਫਾਇਰ ਪਿਸਟਲ ਈਵੈਂਟ ਵਿੱਚ ਹਿੱਸਾ ਲਿਆ ਪਰ ਕੋਈ ਵੀ ਤਮਗਾ ਲੈਣ ਵਿੱਚ ਅਸਫ਼ਲ ਰਿਹਾ। ਵਿਜੈਵੀਰ ਤੇ ਉਦੈਵੀਰ ਦੋਵੇਂ ਜੌੜੇ ਭਰਾ ਹਨ ਜੋ ਜੂਨੀਅਰ ਵਿਸ਼ਵ ਕੱਪ ਮੁਕਾਬਲਿਆਂ ਵਿੱਚ ਭਾਰਤ ਲਈ ਤਮਗੇ ਜਿੱਤ ਕੇ ਲਿਆਉਂਦੇ ਹਨ। ਵਿਜੈਵੀਰ ਸਿੰਘ ਨੇ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਕਾਂਸੀ ਤਮਗਾ ਜਿੱਤਿਆ ਸੀ।

**ਸੰਦੀਪ ਸਿੰਘ–**ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਦੇ ਇਸ ਖਿਡਾਰੀ ਨੇ 10 ਮੀਟਰ ਏਅਰ ਰਾਈਫਲ ਦੀ ਪੁਰਸ਼ ਟੀਮ ਅਤੇ ਮਿਕਸਡ ਟੀਮ ਮੁਕਾਬਲਿਆਂ ਵਿੱਚ ਭਾਗ ਲਿਆ ਪਰ ਕੋਈ ਤਮਗਾ ਜਿੱਤਣ ਵਿੱਚ ਕਾਮਯਾਬ ਨਹੀਂ ਹੋਇਆ। ਉਸ ਨੇ ਕਰਾਸ ਕੰਟਰੀ ਭੱਜਣ ਤੋਂ ਆਪਣਾ ਖੇਡ ਜੀਵਨ ਸ਼ੁਰੂ ਕੀਤਾ ਸੀ।

**ਤੇਜਿੰਦਰਪਾਲ ਸਿੰਘ ਤੂਰ–**ਮੋਗਾ ਦੇ ਇਸ ਅਥਲੀਟ ਨੇ ਸ਼ਾਟ ਪੁੱਟ ਥਰੋਅ ਮੁਕਾਬਲੇ ਵਿੱਚ ਆਪਣੀ ਕਿਸਮਤ ਅਜਮਾਈ ਪਰ ਕਾਮਯਾਬ ਨਹੀਂ ਹੋਇਆ। ਉਹ ਦੂਜੀ ਵਾਰ ਓਲੰਪਿਕਸ ਖੇਡਿਆ ਹੈ। ਏਸ਼ਿਅਨ ਰਿਕਾਰਡ ਹੋਲਡਰ ਤੇਜਿੰਦਰਪਾਲ ਸਿੰਘ ਤੂਰ ਦੋ ਵਾਰ ਏਸ਼ਿਆਈ ਖੇਡਾਂ ਅਤੇ ਤਿੰਨ ਵਾਰ ਏਸ਼ਿਅਨ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤ ਚੁਕਾ ਹੈ।। ਉਹ ਅਰਜੁਨ ਐਵਾਰਡ ਜੇਤੂ ਖਿਡਾਰੀ ਹੈ।

**ਅਕਸ਼ਦੀਪ ਸਿੰਘ–** ਵੀਹ ਕਿਲੋਮੀਟਰ ਦੌੜ ਵਿੱਚ ਨੈਸ਼ਨਲ ਰਿਕਾਰਡ ਹੋਲਡਰ ਇਹ ਖਿਡਾਰੀ ਬਰਨਾਲਾ ਜ਼ਿਲ੍ਹੇ ਦੇ ਪਿੰਡ ਕਾਹਨੇਕੇ ਦਾ ਵਸਨੀਕ ਹੈ। ਇਸ ਜ਼ਿਲ੍ਹੇ ਦਾ ਉਹ ਪਹਿਲਾ ਓਲੰਪੀਅਨ ਹੈ। ਉਸ ਨੇ ਪਿਛਲੇ ਸਾਲ ਵੀ ਵਿਸ਼ਵ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ ਸੀ। ਪੈਰਿਸ ਓਲੰਪਿਕਸ ਵਿੱਚ ਉਹ ਤਮਗਾ ਹਾਸਲ ਨਹੀਂ ਕਰ ਸਕਿਆ।

**ਗਗਨਜੀਤ ਸਿੰਘ ਭੁੱਲਰ–** ਮਾਝੇ ਦੇ ਜੰਮਪਲ ਅਤੇ ਕਪੂਰਥਲਾ ਰਹਿੰਦੇ ਇਸ ਖਿਡਾਰੀ ਨੇ ਗੌਲਫ਼ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਪਰ ਸਫ਼ਲਤਾ ਹਾਸਲ ਨਹੀਂ ਕਰ ਸਕਿਆ। ਉਹ ਪੇਸ਼ੇਵਰ ਗੌਲਫ਼ਰ ਹੈ ਜਿਸ ਨੇ 2006 ਦੀਆਂ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਸੀ।

❋ ❋ ❋ ❋ ❋

## ਕਵਿਤਾ

ਭੇਜਣ ਵਾਲਾ :
ਇੰਜ: ਰਾਜਵਿੰਦਰ ਸਿੰਘ
ਯੂ. ਕੇ.

ਕੀ ਪੁੱਛਦੇ ਹੋ, ਕੀ ਦੱਸਾਂਗੇ, ਸਾਡੇ ਪਿੰਡ ਦੀ ਬਾਤ ਮੀਆਂ
ਇਸ ਵਾਰੀ ਤਾਂ ਸਾਵਣ ਵਿੱਚ ਵੀ ਨਾ ਹੋਈ ਬਰਸਾਤ ਮੀਆਂ।

ਤੇਰਾ ਸਾਰਾ ਅਦਬ, ਲਿਆਕਤ, ਇਲਮ ਪਵੇਗਾ ਚੁੱਲ੍ਹੇ ਵਿੱਚ
ਓਹ ਤੈਨੂੰ ਗਲ਼ਮੇ ਤੋਂ ਫੜ ਕੇ ਜਦ ਪਰਖਣਗੇ ਜਾਤ ਮੀਆਂ।

ਤੂੰ ਮੈਨੂੰ ਜੰਨਤ ਦੇ ਲਾਰੇ ਲਾ ਕੇ ਕਿੰਝ ਵਰਚਾਏਂਗਾ
ਮੈਂ ਉਸਦਾ ਹੱਥ ਫੜ ਕੇ, ਦੇਖੀ ਕੁਲ ਕਾਇਨਾਤ ਮੀਆਂ।

ਮਿੱਟੀ 'ਚੋਂ ਜੰਮੇ, ਮਿੱਟੀ ਨੇ ਪਾਲੇ, ਮਿੱਟੀ ਨਾਲ ਰਹੇ
ਇਕ ਸਰਕਾਰੀ ਤਮਗੇ ਖਾਤਰ ਬਦਲੀ ਨਾ ਔਕਾਤ ਮੀਆਂ।

ਜਦ ਵੀ ਅੱਖ ਖੁੱਲ੍ਹੇਗੀ ਤੇਰੀ, ਉਠੀਂ ਤੇ ਗਾਂਹ ਤੁਰ ਜਾਈਂ
ਏਥੇ ਨਾ ਸੂਰਜ ਚੜ੍ਹਨਾ ਤੇ ਨਾ ਹੋਣੀ ਪ੍ਰਭਾਤ ਮੀਆਂ।

'ਹਮ ਹਿੰਦੀ' ਦਾ ਨਾਅਰਾ ਚੁੱਭਣ ਲਗਦਾ, ਜਦ ਚੇਤੇ ਆਉਂਦੇ
ਧੂੰ ਧੂੰ ਕਰਕੇ ਧੁਖਦੀ ਦਿੱਲੀ ਤੇ ਗੁਜਰਾਤ ਮੀਆਂ।

ਧੂੜ 'ਚ ਲਿਪਟੀ, ਬੰਦ ਪਈ ਖਿੜਕੀ ਨੇ ਸੈਨਤ ਨਾਲ ਕਿਹਾ
ਚਿਰ ਹੋਇਆ ਇਸ ਕੂਚੇ ਵਿੱਚੋਂ, ਗੁਜਰੀ ਨਾ ਬਾਰਾਤ ਮੀਆਂ।

❋ ❋ ❋ ❋ ❋



# ਪੈਰਾਲੰਪਿਕਸ, 2024 ਵਿੱਚ ਭਾਰਤੀ ਖਿਡਾਰੀਆਂ ਦਾ ਕਮਾਲ

**ਡਾ. ਹਰਚਰਨ ਦਾਸ**
**ਰੂਪਨਗਰ**

ਫਰਾਂਸ ਦੀ ਰਾਜਧਾਨੀ, ਪੈਰਿਸ ਵਿੱਚ 28 ਅਗਸਤ, ਤੋਂ 8 ਸਤੰਬਰ, 2024 ਤੱਕ ਆਯੋਜਿਤ 17ਵੀਆਂ ਪੈਰਾਲੰਪਿਕਸ ਖੇਡਾਂ ਵਿੱਚ ਭਾਰਤੀ ਅੰਗਹੀਣ ਖਿਡਾਰੀਆਂ ਨੇ 7 ਸੋਨ ਤਮਗੇ, 9 ਚਾਂਦੀ ਤਮਗੇ ਅਤੇ 13 ਕਾਂਸੀ ਤਮਗੇ ਹਾਸਲ ਕਰ ਕੇ ਅਤੇ ਵਿਸ਼ਵ ਵਿੱਚ 18ਵਾਂ ਰੈਂਕ ਦੁਆ ਕੇ, ਇਸ ਸ਼ਹਿਰ ਵਿੱਚ ਪਹਿਲਾਂ ਹੋਈਆਂ ਓਲੰਪਿਕਸ ਖੇਡਾਂ ਵਿੱਚ ਭਾਰਤ ਦੀ ਹੋਈ ਨਮੋਸ਼ੀ ਨੂੰ ਘੱਟ ਕਰ ਕੇ ਨਾਮਣਾ ਖੱਟਿਆ ਹੈ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਰਤ ਦੇ 84 ਖਿਡਾਰੀਆਂ ਨੇ ਭਾਗ ਲਿਆ ਸੀ। ਇਨ੍ਹਾਂ ਖੇਡਾਂ 'ਤੇ ਭਾਰਤ ਸਰਕਾਰ ਨੇ ਪਹਿਲੀਆਂ ਖੇਡਾਂ ਨਾਲੋਂ ਕਿਤੇ ਘੱਟ ਖਰਚਾ ਕੀਤਾ ਹੈ। ਵਰਣਨਯੋਗ ਹੈ ਕਿ ਪੈਰਾਓਲੰਪਿਕਸ ਖੇਡਾਂ ਵਿੱਚ ਲੱਤਾਂ-ਬਾਹਾਂ, ਪੈਰਾਂ-ਹੱਥਾਂ ਤੋਂ ਬਾਹਰੇ ਅਤੇ ਦਿਮਾਗੀ ਤੌਰ 'ਤੇ ਕਮਜ਼ੋਰ ਖਿਡਾਰੀ ਭਾਗ ਲੈਂਦੇ ਹਨ। ਇਨ੍ਹਾਂ ਖਿਡਾਰੀਆਂ ਨੇ ਆਪਣੀ ਜ਼ਿੰਦਗੀ ਵਿੱਚ ਅਥਾਹ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਦ੍ਰਿੜ ਨਿਸ਼ਚੇ ਨਾਲ ਆਪਣੀ ਕਾਮਯਾਬੀ ਨੂੰ ਸੁਨਿਸ਼ਚਿਤ ਕੀਤਾ ਹੈ।

**ਸੋਨ ਤਮਗਾ ਜੇਤੂ–**

**1. ਕੁਮਾਰ ਨਿਤੇਸ਼–** ਹਰਿਆਣਾ ਸੂਬੇ ਦੇ ਇਸ 29 ਸਾਲਾ ਖਿਡਾਰੀ ਦੀ 15 ਸਾਲ ਦੀ ਉਮਰ ਵਿੱਚ ਇੱਕ ਰੇਲ ਹਾਦਸੇ ਕਾਰਨ ਖੱਬੀ ਲੱਤ ਨਾਕਾਰਾ ਹੋ ਗਈ ਸੀ। ਉਸ ਨੇ ਆਪਣੀ ਬੇਮਿਸਾਲ ਹਿੰਮਤ ਸਦਕਾ ਪੁਰਸ਼ ਸਿੰਗਲਜ਼ ਐਸ.ਐਲ.3 ਬੈਡਮਿੰਟਨ ਮੁਕਾਬਲੇ ਵਿੱਚ ਵਿਸ਼ਵ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

**2. ਅਵਨੀ ਲੇਖਰਾ–** ਜੈਪੁਰ ਦੀ ਰਹਿਣ ਵਾਲੀ ਇਸ 22 ਸਾਲਾ ਖਿਡਾਰਨ ਦਾ 11 ਸਾਲ ਦੀ ਉਮਰ ਵਿੱਚ ਕਾਰ ਹਾਦਸੇ ਨਾਲ ਸਰੀਰ ਦਾ ਹੇਠਲਾ ਹਿੱਸਾ ਅਧਰੰਗ ਨਾਲ ਬੇਕਾਰ ਹੋ ਗਿਆ ਸੀ। ਇਸ ਦੇ ਬਾਵਜੂਦ ਉਸ ਨੇ ਆਪਣੀ ਅਣਥੱਕ ਮਿਹਨਤ ਅਤੇ ਦ੍ਰਿੜ ਨਿਸ਼ਚੇ ਦਾ ਪ੍ਰਗਟਾਵਾ ਕਰਦਿਆਂ ਵੀਲ੍ਹ ਕੁਰਸੀ 'ਤੇ ਬੈਠ ਕੇ ਮਹਿਲਾ ਵਰਗ ਦੇ 10 ਮੀਟਰ ਏਅਰ ਰਾਈਫਲ ਐਸ.ਐਚ.ਮੁਕਾਬਲੇ ਵਿੱਚ ਤਮਗਾ ਹਾਸਲ ਕਰ ਕੇ ਓਲੰਪਿਕਸ ਵਿੱਚ 2 ਸੋਨ ਤਮਗੇ ਹਾਸਲ ਕਰਨ ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ।

**3. ਹਰਵਿੰਦਰ ਸਿੰਘ–** ਹਰਿਆਣਾ ਦੇ ਨਿਮਨਵਰਗੀ ਕਿਸਾਨੀ ਪਰਿਵਾਰ ਨਾਲ ਸਬੰਧਿਤ ਇਸ ਤੀਰਅੰਦਾਜ਼ ਦੀਆਂ ਬਚਪਨ ਵਿੱਚ ਹੀ ਡੇਂਗੂ ਹੋ ਜਾਣ ਕਾਰਨ ਦੋਵੇਂ ਲੱਤਾਂ ਬੇਕਾਰ ਹੋ ਗਈਆਂ ਸਨ। ਉਸ ਨੇ ਅਤਿ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਆਪਣੀ ਖੇਡ ਪ੍ਰਤਿਭਾ ਨੂੰ ਨਿਖਾਰਨ ਦੀ ਕੋਸ਼ਿਸ਼ ਜਾਰੀ ਰੱਖੀ ਜਿਸ ਦੇ ਨਤੀਜੇ ਵਜੋਂ ਪੁਰਸ਼ ਵਰਗ ਦੇ ਵਿਅਕਤੀਗਤ ਰਿਕਰਵ ਓਪਨ ਤੀਰਅੰਦਾਜ਼ੀ ਮੁਕਾਬਲੇ ਵਿੱਚ ਸੋਨ ਤਮਗਾ ਹਾਸਲ ਕੀਤਾ। ਵਰਣਨਯੋਗ ਹੈ ਕਿ ਉਹ ਖੇਡ ਦੇ ਨਾਲ ਨਾਲ ਇਕਨਾਮਿਕਸ ਵਿਸ਼ੇ ਵਿੱਚ ਪੀ.ਐਚ.ਡੀ ਵੀ ਕਰ ਰਿਹਾ ਹੈ।

**4. ਧਰਮਵੀਰ–** 35 ਸਾਲ ਦੀ ਉਮਰ ਦੇ ਇਸ ਖਿਡਾਰੀ ਨੇ ਪੁਰਸ਼ ਕਲੱਬ ਥਰੋਅ ਐਫ.51 ਮੁਕਾਬਲੇ ਵਿੱਚ ਸੋਨ ਤਮਗਾ ਹਾਸਲ ਕੀਤਾ ਹੈ। ਉਹ ਬਚਪਨ ਵਿੱਚ ਨਹਿਰ ਦੇ ਪਾਣੀ ਵਿੱਚ ਗੋਤਾ ਲਾਉਣ ਸਮੇਂ ਜ਼ਖਮੀ ਹੋ ਗਿਆ ਸੀ ਜਿਸ ਦੇ ਇਲਾਜ ਦੌਰਾਨ ਉਸ ਦੇ ਸਰੀਰ ਦਾ ਹੇਠਲਾ ਭਾਗ ਬੇਕਾਰ ਹੋ ਗਿਆ ਸੀ।

**5. ਪ੍ਰਵੀਣ ਕੁਮਾਰ–** ਉੱਤਰ ਪ੍ਰਦੇਸ਼ ਨਾਲ ਸਬੰਧਿਤ ਇਸ 21 ਸਾਲ ਦੇ ਖਿਡਾਰੀ ਨੇ ਹਾਈ ਜੰਪ ਟੀ-64 ਮੁਕਾਬਲੇ ਵਿੱਚ ਅਦਭੁੱਤ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਵਿਸ਼ਵ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

**6. ਸੁਮਿਤ ਅੰਤਲ–** ਹਰਿਆਣਾ ਦੇ ਜ਼ਿਲ੍ਹਾ ਸੋਨੀਪਤ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਜਨਮੇ ਇਸ 26 ਸਾਲਾਂ ਦੇ ਖਿਡਾਰੀ ਦੀ ਇੱਕ ਹਾਦਸੇ ਵਿੱਚ ਲੱਤ ਕੱਟੀ ਗਈ ਸੀ ਜਿਸ ਕਾਰਨ ਉਹ ਆਪਣੀ ਇੱਛਾ ਅਨੁਸਾਰ ਪਹਿਲਵਾਨ ਤਾਂ ਨਾ ਬਣ ਸਕਿਆ ਪਰ ਜੈਵਲਿਨ ਥਰੋਅ ਵਿੱਚ ਮੁਹਾਰਤ ਹਾਸਲ ਕਰ ਲਈ। ਉਸ ਨੇ ਪੁਰਸ਼ਾਂ ਦੇ ਐਫ-64 ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਹੈ। ਉਹ ਛੇ ਵਾਰ ਦਾ ਵਿਸ਼ਵ ਚੈਂਪੀਅਨ ਹੈ।

**7. ਨਵਦੀਪ ਸਿੰਘ–** ਪਾਨੀਪਤ ਦਾ 23 ਸਾਲਾ ਇਹ ਖਿਡਾਰੀ ਆਮਦਨ ਕਰ ਵਿਭਾਗ ਵਿੱਚ ਇੰਸਪੈਕਟਰ ਹੈ। ਕੇਵਲ 4 ਫੁੱਟ, 4 ਇੰਚ ਉਚਾਈ ਵਾਲੇ ਇਸ ਖਿਡਾਰੀ ਨੇ ਪੁਰਸ਼ਾਂ ਦੇ ਜੈਵਲਨ ਥਰੋਅ ਐਫ-41 ਮੁਕਾਬਲੇ ਵਿੱਚ 47.32 ਮੀਟਰ ਦੂਰੀ 'ਤੇ ਨੇਜ਼ਾ ਸੁੱਟ ਕੇ ਸੋਨ ਤਮਗਾ ਜਿੱਤਿਆ ਹੈ।

**ਚਾਂਦੀ ਤਮਗਾ ਜੇਤੂ–**

**1. ਤੁਲਸੀਮਤੀ ਮੁਰੂਗੇਸਨ–** ਉਸ ਨੇ ਮਹਿਲਾ ਸਿੰਗਲਜ਼ ਐਮ.ਯੂ. 5 ਵਰਗ ਦੇ ਬੈਡਮਿੰਟਨ ਮੁਕਾਬਲੇ ਵਿੱਚ ਚਾਂਦੀ ਤਮਗਾ ਜਿੱਤ ਕੇ ਭਾਰਤ ਦੀ ਸ਼ਾਨ ਵਧਾਈ ਹੈ।

2. **ਨਿਸ਼ਾਦ ਕੁਮਾਰ–** ਇਸ ਖਿਡਾਰੀ ਨੇ ਪੁਰਸ਼ ਹਾਈ ਜੰਪ ਟੀ 74 ਵਰਗ ਵਿੱਚ ਤਮਗਾ ਜਿੱਤਿਆ।

**3. ਸਚਿਨ ਸਰਜੇਰਾਓ–** ਮਹਾਂਰਾਸ਼ਟਰ ਵਿੱਚ ਸਾਂਗਲੀ ਜ਼ਿਲ੍ਹੇ ਦੇ ਕਿਸਾਨੀ ਪਰਿਵਾਰ ਵਿੱਚ ਜਨਮੇ ਇਸ ਮਕੈਨੀਕਲ ਇੰਜਨੀਅਰ ਖਿਡਾਰੀ ਨੇ ਪੁਰਸ਼ ਸ਼ਾਟਪੁੱਟ ਐਫ 46 ਮੁਕਾਬਲੇ ਵਿੱਚ ਤਮਗਾ ਹਾਸਲ ਕੀਤਾ। ਉਸ ਦਾ ਇੱਕ ਹੱਥ ਸਕੂਲ ਵਿੱਚ ਹੋਏ ਇਕ ਹਾਦਸੇ ਸਮੇਂ ਨਾਕਾਰਾ ਹੋ ਗਿਆ ਸੀ।

**4. ਯੋਗੇਸ਼ ਕਥੂਨੀਆਂ–** 27 ਸਾਲ ਦੇ ਇਸ ਖਿਡਾਰੀ ਨੇ

ਪੁਰਸ਼ ਐਫ਼-56 ਡਿਸਕਸ ਥ੍ਰੋਅ ਮੁਕਾਬਲੇ ਵਿਚ ਤਮਗਾ ਲਿਆ ਹੈ।

**5. ਮਨੀਸ਼ ਨਰਵਾਲ–** ਫਰੀਦਾਬਾਦ ਦੇ ਵਾਸੀ ਇਸ ਖਿਡਾਰੀ ਨੇ ਵੀਲ੍ਹ ਚੇਅਰ 'ਤੇ ਬੈਠ ਕੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਚਾਂਦੀ ਤਮਗਾ ਹਾਸਲ ਕੀਤਾ।

**6. ਸੁਹਾਸ ਯੁਥੀਰਾਜ–** ਇਸ ਨੇ ਬੈਡਮਿੰਟਰਨ ਦੇ ਪੁਰਸ਼ ਸਿੰਗਲਜ਼ ਮੁਕਾਬਲੇ ਵਿੱਚ ਚਾਂਦੀ ਤਮਗਾ ਜਿੱਤਿਆ।

**7. ਸ਼ਰਦ ਕੁਮਾਰ–** ਬਿਹਾਰ ਦੇ ਮੁਜ਼ੱਫਰਪੁਰ ਸ਼ਹਿਰ ਦਾ ਵਸਨੀਕ, ਨੁਕਸਦਾਰ ਪੱਠਿਆਂ ਵਾਲਾ ਇਹ ਖਿਡਾਰੀ ਸਾਬਕਾ ਨੰ.1ਹਾਈ ਜੰਪਰ ਹੈ। ਇਸ ਨੇ ਪੁਰਸ਼ ਹਾਈ ਜੰਪ ਟੀ63 ਮੁਕਾਬਲੇ ਵਿੱਚ ਤਮਗਾ ਲਿਆ ਹੈ

**8. ਅਜੀਤ ਸਿੰਘ ਯਾਦਵ–** ਉੱਤਰ ਪ੍ਰਦੇਸ਼ ਦੇ ਇਟਾਵਾ ਕਸਬੇ ਦੇ ਜੰਮਪਲ ਨੇ ਪੁਰਸ਼ਾਂ ਦੇ ਜੈਵਲਿਨ ਥਰੋਅ ਐਫ–46 ਮੁਕਾਬਲੇ ਵਿੱਚ ਤਮਗਾ ਲਿਆ। ਇਕ ਰੇਲਵੇ ਹਾਦਸੇ ਸਮੇ ਉਸ ਦਾ ਖੱਬਾ ਹੱਥ ਕੱਟਿਆ ਗਿਆ ਸੀ।

**9. ਪ੍ਰਣਵ ਸੂਰਮਾ–** ਹਰਿਆਣਾ ਦੇ ਫਰੀਦਾਬਾਦ ਦੇ ਵਸਨੀਕ ਇਸ ਖਿਡਾਰੀ ਦੀ ਇੱਕ ਹਾਦਸੇ ਦੌਰਾਨ ਰੀੜ੍ਹ ਦੀ ਹੱਡੀ ਵਿੱਚ ਨੁਕਸ ਪੈ ਗਿਆ ਸੀ। ਉਸ ਨੇ ਆਪਣੇ ਮੋਢਿਆਂ ਦੇ ਜ਼ੋਰ ਨਾਲ ਹੀ ਪੁਰਸ਼ਾਂ ਦੇ ਕਲੱਬ ਥਰੋਅ ਐਫ–51 ਮੁਕਾਬਲੇ ਵਿੱਚ ਤਮਗਾ ਜਿੱਤਿਆ ਹੈ।

**ਕਾਂਸੀ ਤਮਗਾ ਜੇਤੂ–**

**1. ਮਨੀਸ਼ਾ ਰਾਮਦਾਸ–** ਚੇਨਈ ਦੀ ਇਸ 17 ਸਾਲ ਦੀ ਵਿਸ਼ਵ ਚੈਂਪੀਅਨ ਖਿਡਾਰਨ ਨੇ ਮਹਿਲਾ ਸਿੰਗਲਜ਼ ਐਮਯੂ 5 ਬੈਡਮਿੰਟਨ ਮੁਕਾਬਲੇ ਵਿੱਚ ਤਮਗਾ ਹਾਸਲ ਕੀਤਾ ਹੈ।

**2,3 ਪ੍ਰੀਤੀ ਪਾਲ–** ਦਿੱਲੀ ਦੇ ਨਜ਼ਦੀਕ ਮੁਜ਼ੱਫਰਪੁਰ ਵਿੱਚ ਕਿਸਾਨੀ ਪਰਿਵਾਰ ਵਿੱਚ ਕਮਜ਼ੋਰ ਦਿਮਾਗ ਅਤੇ ਮੁੜੇ ਹੋਏ ਹੱਥਾਂ–ਪੈਰਾਂ ਨਾਲ ਜਨਮੀ 23 ਸਾਲ ਦੀ ਇਸ ਖਿਡਾਰਨ ਨੇ ਮਹਿਲਾ 200 ਮੀਟਰ ਟੀ–35 ਅਤੇ 100 ਮੀਟਰ ਟੀ–35 ਮੁਕਾਬਲਿਆਂ ਵਿੱਚ ਦੋ ਕਾਂਸੀ ਤਮਗੇ ਹਾਸਲ ਕੀਤੇ ਹਨ।

**4.ਰੁਬੀਨਾ ਫਰਾਂਸਿਸ–** ਮੱਧ ਪ੍ਰਦੇਸ਼ ਨਾਲ ਸਬੰਧਿਤ 25 ਸਾਲ ਦੀ ਇਸ ਖਿਡਾਰਨ ਨੇ ਮਹਿਲਾ ਏਅਰ ਪਿਸਟਲ ਐਸ.ਐਚ 1 ਮੁਕਾਬਲੇ ਵਿੱਚ ਕਾਂਸੀ ਤਮਗਾ ਜਿੱਤਿਆ ਹੈ।

**5.ਕਪਿਲ ਪਰਮਾਰ–**ਮੱਧ ਪ੍ਰਦੇਸ਼ ਦੇ ਸ਼ਹਿਰ ਭੂਪਾਲ ਵਿੱਚ ਜਨਮੇ ਇਸ ਕਮਜ਼ੋਰ ਨਜ਼ਰ ਵਾਲੇ 24 ਸਾਲਾ ਖਿਡਾਰੀ ਨੇ 60 ਕਿੱਲੋ ਪੁਰਸ਼ ਜੁਡੋ ਜੇ 1 ਮੁਕਾਬਲੇ ਵਿੱਚ ਤਮਗਾ ਹਾਸਲ ਕਰ ਕੇ ਇਸ ਖੇਡ ਵਿੱਚ ਤਮਗਾ ਲੈਣ ਵਾਲਾ ਪਹਿਲਾ ਖਿਡਾਰੀ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ।

**6. ਰਾਕੇਸ਼ ਕੁਮਾਰ ਅਤੇ ਸ਼ੀਤਲ ਦੇਵੀ–** ਜੰਮੂ ਕਸ਼ਮੀਰ ਸੂਬੇ ਦੇ ਕਟੜਾ ਅਤੇ ਜੰਮੂ ਸ਼ਹਿਰ ਦੇ ਬਾਹਾਂ ਤੋਂ ਵਿਰਵੇ ਇਨ੍ਹਾਂ ਖਿਡਾਰੀਆਂ ਨੇ ਤੀਰਅੰਦਾਜ਼ੀ ਦੇ ਕੰਪਾਊਂਡ ਮਿਕਸਡ ਟੀਮ ਓਪਨ ਮੁਕਾਬਲੇ ਵਿੱਚ ਕਾਂਸੀ ਤਮਗਾ ਲਿਆ ਹੈ। ਸ਼ੀਤਲ ਦੇਵੀ ਦੀ ਉਮਰ ਕੇਵਲ 17 ਸਾਲ ਹੈ।

**7. ਮੋਨਾ ਅਗਰਵਾਲ–**ਰਾਜਿਸਥਾਨ ਦੇ ਸਿਕਾਰ ਕਸਬੇ ਵਿੱਚ ਜੰਮੀਪਲੀ ਇਸ ਖਿਡਾਰਨ ਨੂੰ ਬਚਪਨ ਵਿੱਚ ਹੀ ਪੋਲੋ ਬਿਮਾਰੀ ਹੋ ਗਈ ਜਿਸ ਨੇ ਉਸ ਨੂੰ ਅਪੰਗ ਬਣਾ ਦਿੱਤਾ। ਇੱਕ ਰੂੜੀਵਾਦੀ ਪਰਿਵਾਰ ਵਿੱਚ ਜਨਮੀ ਅਤੇ ਲੜਕੀ ਹੋਣ ਕਰ ਕੇ ਉਸ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਉਸ ਨੇ ਮਹਿਲਾ 10 ਮੀਟਰ ਏਅਰ ਰਾਈਫਲ ਐਸ ਐਚ 1 ਮੁਕਾਬਲੇ ਵਿੱਚ ਕਾਂਸੀ ਤਮਗਾ ਜਿੱਤਿਆ ਹੈ।

**8 ਨਿੱਤਯ ਸ਼੍ਰੀ ਸਿਵਨ–**ਤਾਮਿਲਨਾਡੂ ਸੂਬੇ ਦੀ ਇਸ 19 ਸਾਲਾ ਖਿਡਾਰਨ ਨੇ ਮਹਿਲਾ ਬੈਡਮਿੰਟਨ ਸਿੰਗਲਜ਼ ਐਸ.ਐਚ 6 ਕੈਟਾਗਰੀ ਮੁਕਾਬਲੇ ਵਿੱਚ ਕਾਂਸੀ ਤਮਗਾ ਹਾਸਲ ਕੀਤਾ ਹੈ।

**9. ਮਰੀਅੱਪਨ ਥਾਂਗਾਵੇਲੂ–**ਤਾਮਿਲਨਾਡੂ ਦੇ ਸੇਲਮ ਕਸਬੇ ਵਿੱਚ ਜਨਮੇ ਪਦਮ ਸ਼੍ਰੀ ਅਤੇ ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ ਜੇਤੂ ਇਸ 29 ਸਾਲਾ ਖਿਡਾਰੀ ਨੇ ਪੁਰਸ਼ਾਂ ਦੇ ਹਾਈ ਜੰਪ ਟੀ–42 ਮੁਕਾਬਲੇ ਵਿੱਚ ਤਮਗਾ ਲਿਆ ਹੈ।

**10. ਦੀਪਤੀ ਜੀਵਾਂਜੀ–** ਤਲੰਗਾਨਾ ਦੇ ਜ਼ਿਲ੍ਹਾ ਵਰੰਗਲ ਦੇ ਇੱਕ ਪਿੰਡ ਵਿੱਚ ਬੇਜ਼ਮੀਨੇ ਕਿਸਾਨ ਦੇ ਘਰ ਜਨਮੀ 20 ਸਾਲ ਦੀ ਦਿਮਾਗੀ ਤੌਰ 'ਤੇ ਕਮਜ਼ੋਰ ਇਸ ਖਿਡਾਰਨ ਨੇ ਗਰੀਬੀ ਦੀ ਹਾਲਤ ਵਿੱਚ ਸੰਘਰਸ਼ ਕੀਤਾ ਅਤੇ ਮਹਿਲਾ 400 ਮੀਟਰ ਟੀ20 ਦੌੜ 55.06 ਸੈਕਿੰਡ ਵਿੱਚ ਪੂਰੀ ਕਰ ਕੇ ਨਵਾਂ ਵਿਸ਼ਵ ਰਿਕਾਰਡ ਸਥਾਪਿਤ ਕੀਤਾ ਹੈ।

**11. ਸੁੰਦਰ ਸਿੰਘ ਗੁਰਜਰ–** ਅਰਜੁਨ ਐਵਾਰਡ ਜੇਤੂ ਅਤੇ ਰਾਜਿਸਥਾਨ ਦੇ ਕਰੌਲੀ ਪਿੰਡ ਵਿੱਚ ਜਨਮੇ ਇਸ ਖਿਡਾਰੀ ਨੇ ਜੈਵਲਿਨ ਥਰੋਅ ਐਫ–46 ਮੁਕਾਬਲੇ ਵਿੱਚ ਕਾਂਸੀ ਤਮਗਾ ਦੇਸ਼ ਦੀ ਝੋਲੀ ਪਾਇਆ ਹੈ।

**12. ਹੋਕਾਟੋ ਹੋਟੋਜ਼ੇ ਸੇਮਾ–** ਨਾਗਾਲੈਂਡ ਦੇ ਇੱਕੋਇੱਕ ਖਿਡਾਰੀ ਜਿਸ ਨੇ ਫੌਜ ਵਿੱਚ ਸੇਵਾ ਕਰਦਿਆਂ 2002 ਵਿੱਚ ਇੱਕ ਮਾਈਨ ਬਲਾਸਟ ਵਿੱਚ ਲੱਤ ਗੁਆ ਲਈ ਸੀ, ਨੇ ਪੁਰਸ਼ਾਂ ਦੇ ਸ਼ਾਟਪੁੱਟ ਐਫ–57 ਮੁਕਾਬਲੇ ਵਿੱਚ ਕਾਂਸੀ ਤਮਗਾ ਹਾਸਲ ਕੀਤਾ ਹੈ।

**13. ਸਿਮਰਨ–** ਇਸ ਖਿਡਾਰਨ ਨੇ ਮਹਿਲਾ 200 ਮੀਟਰ ਟੀ–12 ਦੌੜ ਮੁਕਾਬਲੇ ਵਿੱਚ ਕਾਂਸੀ ਤਮਗਾ ਜਿੱਤਿਆ ਹੈ।





# SAINI CHARITABLE EDUCATIONAL TRUST

**DONORS OF CASUAL SCHOLARSHIPS (2024-25)**

**Balbir Singh Saini**
Saini Bhawan Ropar

## Casual Scholarships

| Sr.No. | Name of Donor | Amt. donated (Rs.) | SCHOLARSHIPS |
|---|---|---|---|
| 1 | Sh. Chander Shekher Saini, Rupnagar. | 31,000 | Sh. Ajit Singh Saini Memorial Scholarship |
| 2 | S. Terjindermeet Singh S/o Late S. Samitter Singh Pune. | 25,000 | S. Samitter Singh Khairabad Memorial Scholarship |
| 3 | S. Harnek Singh, V&PO Kotla Nihang, Distt. Rupnagar | 22,000 | S. Hazara Singh Memorial Scholarship |
| 4 | Sh. Harcharan Dass. Gobind Valley, Rupnagar | 21,000 | S. Manpreet Singh Memorial Scholarship |
| 5 | Mrs. Maxim Kaloty/Mrs Samvedna Kaloty/Mrs Devinder Kaur | 20,000 | S. Swaran Singh Kaloty Memorial Scholarship |
| 6 | Smt. Parminder Kaur, GZSN Rupnagar | 12,000 | Smt. Parminder Kaur Scholarship |
| 7 | Sh. Bachan Dass, Vill. Paharpur, PO Samlah Distt. Rupnagar | 12,000 | Sh. Bachan Dass Scholarship |
| 8 | S.Gursharan Singh, Gobind Valley, Rupnagar. | 12,000 | Mata Harbans Kaur Memorial Scholarship |
| 9 | S. Baldev Singh Chamak, Mundi Karar ( Mohali) | 12,000 | Gurpreet Kaur Memorial Scholarship for Handicapped Students |
| 10 | S.Tekpal Singh Saini Faridabad (Haryana). | 10,000 | Mata Prem Kaur/ Numberdar Pritam Singh Memorial Scholarship |
| 11 | S. Balbir Singh Saini, Harman Niwas, Zorawar Singh Nagar, Rupnagar | 10,000 | Mata Hardial Kaur/ S. Kartar Singh Nanakpura memorial Scholarship |
| 12 | Smt. Chander Kanta Lahiri Shah Mandir Road, Rupnagar | 10,000 | Smt. Chander Kanta Saini Scholarship |
| 13 | S.Rajinder Singh Nanua ,Ranjit Avenue, Rupnagar. | 10,000 | S.Santokh Singh Nanua Memorial Scholarship |
| 14 | S. Avtar Singh Longia, GZS Nagar, Rupnagar | 7,000 | S. Hazara Singh & Mata Karam Kaur Memorial Scholarship |
| 15 | Mrs. Kirpal Kaur W/o late Capt.C.D.Saini, Suncity, Rupnagar. | 6,000 | Capt.C.D.Saini Memorial Scholarship. |
| 16 | Sh. Amit Saini S/o Sh.Rajinder Saini GZS.Nagar,Rupnagar. | 6,000 | Nambardar Siri Ram Saini Memorial Scholarship |
| 17 | Smt. Harminder Kaur Ranjit Avenue,Rupnagar | 6,000 | Er.AmrikSingh,Memorial Scholarship |
| 18 | S. Jagdev Singh Panghlia, SAS Nagar | 5,000 | S. Jagdev Singh Panghlia scholarship |
| 19 | Sqn.Ldr.Manjit Singh Pabla, Chandigarh. | 5,000 | Chacha Hakam Singh Memorial Scholarship. |
| 20 | S. Sukhjinder Singh, Director SASA Rupnagar | 5,000 | Mata Gurnam Kaur Memorial Scholarship |

## Regular Scholarships

| S.NO | Name of Donor | Donated Amount (Rs.) | Name of Scholarship |
|---|---|---|---|
| 1 | Late Sh.Lekh Raj Mundra Haveli Kalan, Rupnagar. | 70,00,000<br>2,40,000 | Sh. L. R. Mundra Memorial Scholarship<br>Sh.Munshi Ram Memorial scholarship. |
| 2 | Mrs. Jaspal Kaur W/o S. Baldev Singh Mundra, Kandivali-East,Mumbai | 32,30,000 | Mata Durgi Devi Saini/ S.Mota Singh Saini Memorial Scholarship |
| 3 | Late Lt.Col.Gurdas Ram Saini (Retd.)#192/D.C.Road Hoshiarpur | 20,00,000 | Lt.Col.G.R.Saini/Mata Kaushalya Devi Memorial Scholarship |
| 4 | S.Hardev Singh SainiFlemington (U.S.A.) | 11,00,000 | Sri Ram/ Hardev Singh Scholarship |
| 5 | S.Gurmukh Singh Saini (MC) S.B.S. Nagar, Rupnagar. | 5,02,000 | S.Gurbax Singh Nuhon Memorial Scholarship |
| 6 | S.Tekpal Singh Saini, Prabhu Apartment, Sec. 21-D, Faridabad (Haryana) | 3,32,000 | Mata Prem Kaur /S.Pritam Singh Nambardar Memorial Scholarship |
| 7 | Dr.Rajwant Singh, #40, Sec. 71, SAS Nagar (Mohali). | 3,00,000 | S.Hardip Singh Tehsildar Memorial Scholarship |
| 8 | Dr. Swaran Singh PAU/ Mrs Rajinder Kaur, #30A, Professor Colony, Ludhiana | 2,51,100 | Mata Gaindi Devi Memorial Scholaship |
| 9 | Dr. Bhag Singh Bola, #342, GZSN, Rupnagar | 2,50.000 | Mata Uttam Kaur/ S. Kartar Singh Memorial Scholarship |
| 10 | Mrs. Maninder Kaur, , #342, GZSN, Rupnagar | 2,50,000 | Mata Gurbachan Kaur/ S. Maghar Singh Saini Memorial Scholarship |
| 11 | Mrs. Baldev Chaudhry, #444, G.Z.S.Nagar, Rupnagar. | 2,10,000 | Sh.P.C.Saini Memorial Scholarship |
| 12 | S. Gurinder Singh Rana, #228, Sec. 79, SAS Nagar | 2,00,000 | Mata Satwant Kaur/ S. Gurnam Singh Memorial Scholarship |
| 13 | S. Charanjit Singh Tamber & Family, SCF- 32, New Anaj Mandi, Rupnagar | 2,00,000 | S. Kishan Singh Tamber Memorial Scholarship |
| 14 | Late Mrs.Rajinder Kaur W/o Dr.Rajwant Singh, #40, Sec. 71, S.A.S.Nagar | 2,00,000 | Mata Sham Kaur Khuaspura Memorial Scholarship |
| 15 | S. Balbir Singh Saini, #7A/Harman Niwas, Zorawar Singh Nagar, Rupnagar | 2,00,000 | Mata Hardial Kaur/S. Kartar Singh Nanakpura Memorial Scholarship |
| 16 | S. Gurinder Singh Toni, #114, Beant Singh Aman Nagar, Rupnagar | 1,80,000 | Mata Ajmer Kaur Memorial Scholarship |
| 17 | Mrs. Gurjinder Kaur W/o Sh. Rajesh Chaudhry, #192, DC Road, Hoshiarpur | 1,75,000 | Smt. Gurjinder Kaur/ Rajesh Choudhry Scholrship |
| 18 | Mr. Ujjal Singh Dosanjh , Bancourver, Canada | 1,50.000 | Smt. Ravinder Dosanjh/ S. Ujjal Singh Dosanjh Scholarship |
| 19 | Flt. Lt. (Hon) Tarlochan Singh (Retd.) , #2509, Sec. 71, SAS Nagar | 1,26,000 | Mata Swaran Kaur Memorial Scholarship |
| 20 | Late Sh. B.R.Tumber SDO (Retd.) B4/55, Safdarjang Enclave, New Dehli | 1.20,000 | Sh. B R Memorial Scholarship |
| 21 | Smt. Ranjit Kaur D/o S. Mohinder Singh Girn, USA | 1, 17,000 | S. Mohinder Singh Memorial Scholarship |
| 22 | Sh. Charan Singh Saini, Sunny Enclave, SAS Nagar | 1,03,000 | S. Charan Singh Scholarship |
| 23 | Dr. Jaswant Kaur Saini, Guru Nagar, Rupnagar | 1,00,000 | Mata Swaran Kaur/ S. Jagat Singh Memorial Scholarship |
| 24 | Sh. Gurmit Singh Jattana, # #517, Sec. 33B, Chandigarh | 1,00,000 | S. Bakhtawar Singh Memorial Scholarship |
| 25 | Smt. Harbans Kaur & Late Sh.Trilochan Singh , Bhopal | 93,500 | S. Tarlochan Singh Memorial Scholarship |

ਕਹਾਣੀ

# ਇਹਨੂੰ ਕੱਢਣੈ ...



ਡਾ. ਜਸਵੰਤ ਕੌਰ
ਰੂਪਨਗਰ

ਪ੍ਰੀਤੀ ਜਿੱਦਣ ਦੀ ਵਿਆਹੀ ਸੀ, ਉਹ ਦੀ ਸੱਸ ਨਸੀਬ ਕੌਰ ਨੂੰ ਉਹ ਦਾ ਕੋਈ ਕੰਮ ਪਸੰਦ ਨਹੀਂ ਸੀ ਆਉਂਦਾ। ਉਹ ਹਰ ਗੱਲ ਵਿੱਚ ਉਹਦੇ ਕੰਮ ਦਾ ਨੁਕਸ ਜ਼ਰੂਰ ਅੜਾ ਲੈਂਦੀ। ਵੈਸੇ ਸੀਬੋ, ਜਿਹਾ ਕਿ ਉਹਨੂੰ ਸਾਰੇ ਹੀ ਸੱਦਦੇ ਸਨ, ਮਸ਼ਹੂਰ ਸੀ ਕਿ ਉਹ ਕਦੇ ਨੱਕ 'ਤੇ ਮੱਖੀ ਨੀ ਬਹਿਣ ਦਿੰਦੀ। ਵਿਚਾਰੀ ਪ੍ਰੀਤੀ ਕਿਹਦੇ ਪਾਣੀਹਾਰ ਸੀ। ਫਿਰ ਵੀ ਪ੍ਰੀਤੀ ਕਦੇ ਵੀ ਸੀਬੋ ਸਾਹਮਣੇ ਬੋਲਦੀ ਨਾ। ਜਿੱਦਾਂ ਦਾ ਵੀ ਕੰਮ ਉਹਨੂੰ ਆਉਂਦਾ, ਕਰ ਕੇ ਰੱਖ ਦਿੰਦੀ। ਉਹ ਨੂੰ ਵੀ ਪਤਾ ਲੱਗ ਗਿਆ ਸੀ ਕਿ ਉਹ ਦੀ ਸੱਸ ਨੇ ਨੁਕਸ ਤਾਂ ਕੱਢਣਾ ਹੀ ਹੈ, ਉਹ ਚਾਹੇ ਜਿੰਨੇ ਮਰਜ਼ੀ ਜੀਅ-ਜਾਨ ਨਾਲ ਜਾਂ ਆਪਣੀ ਸੂਝ ਮੁਤਾਬਕ ਕੰਮ ਠੀਕ ਤਰ੍ਹਾਂ ਵੀ ਕਿਉਂ ਨਾ ਕਰ ਦੇਵੇ।

ਨਸੀਬ ਕੌਰ ਤੇ ਸ਼ੰਕਰ ਸਿੰਘ ਦੋਵੇਂ ਜੀਅ ਇਕੱਲੇ ਹੀ ਰਹਿੰਦੇ ਸਨ। ਦੋਹਾਂ ਦੇ ਸੁਬਾਓ ਬਹੁਤ ਹੀ ਕੌੜੇ ਸਨ। ਸ਼ੰਕਰ ਸਿੰਘ ਨੂੰ ਕਦੇ ਕਿਸੇ ਨੇ ਹੱਸਦਿਆਂ ਨਹੀਂ ਸੀ ਦੇਖਿਆ। ਉਂਜ ਵੀ ਲੜਾਕਾ ਜਿਹਾ ਹੋਣ ਕਰ ਕੇ ਰੱਬ ਨੇ ਉਹ ਦਾ ਜੋੜ-ਮੇਲ ਵੀ ਵਧੀਆ ਬਣਾਇਆ ਸੀ। ਸੀਬੋ ਤੇ ਸ਼ੰਕਰ ਸਿੰਘ ਨਹਿਲੇ 'ਤੇ ਦਹਿਲਾ ਸਨ। ਇਕੱਲੇ ਖਾਣਾ ਗਿੱਝੇ ਹੋਏ ਸਨ। ਇਕੱਲੇ ਹੀ ਰਹਿਣਾ ਵੀ। ਇਹ ਨਹੀਂ ਉਹ ਬਾਲ ਬੱਚੇਦਾਰ ਨਹੀਂ ਸਨ। ਬੱਚੇ ਹੁਣ ਉਡਾਰੂ ਹੋ ਚੁੱਕੇ ਸਨ। ਆਪਣੇ ਆਪਣੇ ਜੀਵਨ ਵਿੱਚ ਮਸਤ ਸਨ। ਕੁੱਝ ਇਨ੍ਹਾਂ ਦੇ ਸੁਭਾਓ ਕਾਰਨ ਇਨ੍ਹਾਂ ਕੋਲ ਆ ਕੇ ਜਾਂ ਰਹਿ ਕੇ ਖੁਸ਼ ਵੀ ਨਹੀਂ ਸਨ।

ਵੱਡਾ ਰੁਪਿੰਦਰ ਤਾਂ ਸ਼ਹਿਰ ਰਹਿ ਕੇ ਹੀ ਪੜ੍ਹਿਆ ਸੀ। ਉਹ ਆਜ਼ਾਦ ਖ਼ਿਆਲਾਂ ਦਾ ਸੀ। ਆਪਣੀ ਹੀ ਕਿਸੇ ਸਹਿਪਾਠਣ ਨਾਲ ਉਸ ਨੇ ਘਰ ਵਸਾ ਲਿਆ ਸੀ। ਪਿੰਡ ਘੱਟ ਹੀ ਆਉਂਦਾ ਸੀ। ਛੋਟਾ ਜਤਿੰਦਰ ਦਸਵੀਂ ਕਰ ਕੇ ਬਾਹਰਲੇ ਮੁਲਕ ਨਿਕਲ ਗਿਆ ਸੀ। ਉੱਥੇ ਉਹ ਪੱਕਾ ਹੋ ਗਿਆ ਸੀ। ਉਹ ਨੇ ਮੇਮ ਨਾਲ ਵਿਆਹ ਕਰਵਾ ਲਿਆ ਸੀ। ਉਸ ਨੇ ਆਪਣੀ ਭੈਣ ਤੇਜਿੰਦਰ ਨੂੰ ਵੀ ਬੁਲਾ ਲਿਆ ਸੀ। ਉਸ ਦੇ ਵਿਆਹ ਦੀ ਵੀ ਮਾਪਿਆਂ ਨੂੰ ਕੋਈ ਚਿੰਤਾ ਨਹੀਂ ਸੀ। " ਇਕ ਵਾਰੀ ਮੇਰੀ ਤੇਜੋ ਆਵੇ ਤਾਂ ਸਈ, ਮੁੰਡਿਆਂ ਦੀਆਂ ਤਾਂ ਲੈਅਨਾਂ ਲੱਗ ਜਾਣਗੀਆਂ ਰਿਸ਼ਤਿਆਂ ਲਈ", ਸੀਬੋ ਬੜਾ ਰਹੌਂਸ ਕੇ ਕਹਿੰਦੀ। ਤੇਜੋ ਕਿਸੇ ਵਿੱਚ ਭਿੱਜਣ ਵਾਲੀ ਨਹੀਂ ਸੀ। ਉਹ ਨੇ ਜਤਿੰਦਰ ਦਾ ਜੀਵਨ ਨਰਕ ਬਣਾ ਦਿੱਤਾ ਸੀ। ਉਸ ਦੀ ਵਿਦੇਸ਼ੀ ਵਹੁਟੀ ਤੇਜੋ ਦੀ ਦਖਲ-ਅੰਦਾਜ਼ੀ ਸਹਾਰਨ ਲਈ ਤਿਆਰ ਨਹੀਂ ਸੀ। ਜਤਿੰਦਰ ਨੇ ਆਪਣੀ ਵਹੁਟੀ ਨੂੰ ਬਹੁਤ ਵਾਰੀ ਸਮਝਾਇਆ ਕਿ ਸਾਡੇ ਕੁੜੀਆਂ ਨੂੰ ਅਲੱਗ ਰਹਿਣ ਦਾ ਰਿਵਾਜ਼ ਨਹੀਂ, ਤੇਜੋ ਉਨ੍ਹਾਂ ਦੇ ਨਾਲ ਹੀ ਰਹੇਗੀ। ਪਰ ਮੇਮ ਨੇ ਇੱਕ ਨਾ ਸੁਣੀ। ਉਹ ਤਲਾਕ ਦੇ ਕੇ ਜਤਿੰਦਰ ਨੂੰ ਛੱਡ ਗਈ। ਛੇ ਸਾਲ ਦਾ ਪੁੱਤ ਵੀ ਛੱਡ ਗਈ। ਜਤਿੰਦਰ ਨੂੰ ਨੌਕਰੀ 'ਤੇ ਜਾਣ ਅਤੇ ਮੁੰਡਾ ਸੰਭਾਲਣਾ ਬੜਾ ਔਖਾ ਹੋ ਗਿਆ। ਤੇਜੋ ਹਰ ਕੰਮ ਵਿੱਚ ਠੁੱਠ ਦਿਖਾਇਆ ਕਰੇ। ਉਹ ਬੜਾ ਔਖਾ ਹੋ ਗਿਆ ਤਾਂ ਇਕ ਦਿਨ ਇੰਡੀਆ ਨੂੰ ਚੜ੍ਹ ਆਇਆ। ਹਰ ਮਿਲਣ ਵਾਲਾ ਉਸ ਨੂੰ ਮੇਮ ਬਾਰੇ ਸਵਾਲ ਕਰਦਾ ਤਾਂ ਉਹ ਕਦੇ ਕਦੇ ਦੱਸ ਦਿੰਦਾ, " ਉੱਧਰਲੇ ਲੋਕਾਂ ਨੂੰ ਮੋਹ ਪਿਆਰ ਹੈ ਨਹੀਂ ਬਹੁਤਾ। ਨਹੀਂ ਤਾਂ ਆਪਣੀ ਕੋਈ ਜ਼ਨਾਨੀ ਫੁੱਲ ਭਰ ਬੱਚੇ ਨੂੰ ਕੱਲਾ ਛੱਡ ਦਿੰਦੀ? ਉੱਥੇ ਤਾਂ ਅਜ਼ਾਦ ਜਿਹੇ ਲੋਕ ਇਆ। ਬੱਸ ਖਾਓ ਪੀਓ ਮੌਜ ਕਰੋ....."।

ਕਿਸੇ ਨੂੰ ਨਹੀਂ ਸੀ ਪਤਾ ਕਿ ਜਤਿੰਦਰ ਹੋਰ ਵਿਆਹ ਕਰਾਉਣ ਆਇਆ ਹੈ। ਸੀਬੋ ਵਿੱਚੇ ਵਿੱਚ ਪੱਕੀਆਂ ਪਕਾ ਰਹੀ ਸੀ," ਬੜੇ ਨੇ ਤਾਂ ਪੁੱਛਿਆ ਨੀ, ਇਹ ਵੀ ਉੱਥੇ ਦੇ ਮੋਤੀਚੂਰ ਦੇ ਲੱਡੂ ਖਾ ਆਇਆ। ਹੁਣ ਐਥੇ ਦਿਆਂ ਦਾ ਵੀ ਸੁਆਦ ਦੇਖ ਲਊ। ਪਰ ਐਤਕੀਂ ਤਾਂ ਮੈਂ ਠੋਕ ਵਜਾ ਕੇ ਰਿਸ਼ਤਾ ਕਰੂੰ"। ਕਈ ਰਿਸ਼ਤੇ ਆਏ ਪਰ ਉਸ ਦਾ ਮੁੰਡਾ ਹਰ ਵਾਰ ਅੜਿੱਕਾ ਬਣ ਜਾਂਦਾ। ਜਤਿੰਦਰ ਦੇ ਦੋਸਤ ਸੇਵਾ ਸਿੰਘ ਨੇ ਇੱਕ ਰਿਸ਼ਤੇ ਦੀ ਗੱਲ ਤੋਰੀ। ਕੁੜੀ ਬੀ.ਏ. ਕਰ ਕੇ ਹਟੀ ਸੀ। ਘਰ ਗਰੀਬ ਸੀ। ਪਹਿਲਾਂ ਤਾਂ ਲੜਕੀ ਦੀ ਮਾਂ ਸੇਵੇ ਨਾਲ ਲੜਨ ਨੂੰ ਪਈ, "ਵੇ ਸੇਵਿਆ! ਅਸ਼ੀਂ ਐਨੇ ਗਏ ਗੁਜ਼ਰੇ ਆਂ ਕਿ ਪ੍ਰੀਤੀ ਨੂੰ ਕੋਈ ਹਾਣ ਦਾ ਕੁਆਰਾ ਮੁੰਡਾ ਨਾ ਲੱਭੂ? ਇਹ ਨੇ ਵਿਚਾਰੀ ਨੇ ਕੀ ਭੁੱਜੇ ਮੋਠ ਬੀਜੇ ਆ"। ਪ੍ਰੀਤੀ ਦੇ ਬਾਪ ਦੇ ਸਮਝਾਉਣ 'ਤੇ ਉਹ ਢਿੱਲੀ ਪੈ ਗਈ। ਉਹ ਆਪਣੀ ਮੈਲੀ ਚੁੰਨੀ ਨਾਲ ਅੱਖਾਂ ਪੂੰਝਦਿਆਂ ਬੋਲੀ," ਧੀ ਦੇ ਭਾਗ...ਐਦਾਂ ਦੀ ਗਰੀਬੀ ਵਿੱਚ ਪਤਾ ਨਹੀਂ ਕਦੋਂ ਇਹਨੂੰ ਦਰੋਂ ਉਠਾਲ ਹੋਊ.. ਚਲੋ ਦੇਖੀ ਜਾਊ- ਇਹ ਦੇ ਭਾਗ। ਖ਼ਬਰੇ ਆਪ ਵੀ ਤਰੂ ਤੇ ਸਾਨੂੰ ਵੀ ਤਾਰ ਦੇਊ ਜਾਂ..."।

ਜਤਿੰਦਰ ਨੂੰ ਪ੍ਰੀਤੀ ਪਸੰਦ ਆ ਗਈ। ਨਾ ਪਸੰਦ ਆਉਣ ਵਾਲੀ ਕੋਈ ਗੱਲ ਹੀ ਨਹੀਂ ਸੀ। ਜਤਿੰਦਰ ਨੇ ਪ੍ਰੀਤੀ ਨੂੰ ਪਾਸੇ ਲਿਜਾ ਕੇ ਆਪਣੇ ਬੇਟੇ ਵਾਲੀ ਸਾਰੀ ਗੱਲ ਉਸ ਨੂੰ ਦੱਸ ਦਿੱਤੀ। ਪ੍ਰੀਤੀ ਨੇ ਰਿਸ਼ਤੇ ਲਈ ਹਾਂ ਕਰ ਦਿੱਤੀ। ਪ੍ਰੀਤੀ ਦੇ ਉਠਦੇ ਸਮੇਂ ਸੀਬੋ ਨੇ ਉਸ ਦੀ ਕਮੀਜ਼ ਦਾ ਪਿਛਲਾ ਪੱਲਾ ਸੜਿਆ ਹੋਇਆ ਦੇਖ ਲਿਆ। ਉਸ ਦੀ ਗਰੀਬੀ ਨੇ ਸੀਬੋ ਦੇ ਮੱਥੇ ਵੱਟ ਚੜ੍ਹਾ ਦਿੱਤੇ। ਉਹ ਨੇ ਕਿਸੇ ਰਿਸ਼ਤੇਦਾਰ ਨਾਲ ਕੋਈ ਚੱਜ ਦੀ ਗੱਲ ਨਾ ਕੀਤੀ। ਘੁੰਨ ਵੱਟਾ ਜਿਹਾ ਬਣ ਕੇ ਬੈਠੀ ਰਹੀ।

ਮਿੱਥੇ ਦਿਨ 'ਤੇ ਤਹਿ ਕੀਤੇ ਪ੍ਰੋਗਰਾਮ ਅਨੁਸਾਰ ਪ੍ਰੀਤੀ ਤੇ ਜਤਿੰਦਰ ਦਾ ਵਿਆਹ ਹੋ ਗਿਆ। ਬਹੁਤ ਹੀ ਸਾਦੇ ਢੰਗ ਨਾਲ। ਵਿਆਹ ਵਿੱਚ ਸੀਮਿਤ ਜਿਹੇ ਰਿਸ਼ਤੇਦਾਰ ਆਏ। ਜਤਿੰਦਰ ਦੇ ਭਰਾ ਅਤੇ ਭਾਬੀ ਨੇ ਸਾਰੇ ਸ਼ਗਨਾਂ ਨਾਲ ਵਿਆਹ ਸਿਰੇ ਚੜ੍ਹਾਇਆ। ਜਤਿੰਦਰ ਦੇ ਇੱਧਰ ਉੱਧਰ ਹੋਣ 'ਤੇ ਸੀਬੋ, ਪ੍ਰੀਤੀ ਨੂੰ ਚੋਭਾ ਲਾਉਂਦੀ ਰਹਿੰਦੀ ਸੀ ਪਰ ਪ੍ਰੀਤੀ ਜਤਿੰਦਰ ਨੂੰ ਕੁੱਝ ਨਾ ਦੱਸਦੀ। ਇੱਕ ਡਰ ਜਿਹਾ ਪ੍ਰੀਤੀ ਦੇ ਚਿਹਰੇ 'ਤੇ ਛਾਇਆ ਰਹਿੰਦਾ। ਜਤਿੰਦਰ ਸਮਝਦਾ ਸੀ ਕਿ

ਸ਼ਾਇਦ ਉਹ ਦੇ ਵਿਛੁੜਨ ਦਾ ਸਮਾਂ ਨੇੜੇ ਹੋਣ ਕਾਰਨ ਪੀਤੀ ਚਿੰਤਤ ਰਹਿੰਦੀ ਹੈ।

ਜਤਿੰਦਰ ਨੇ ਪ੍ਰੀਤੀ ਨੂੰ ਕਿਹਾ, "ਅਸ਼ੀਂ ਦੋਵੇਂ ਭਰਾ ਆਪਣੇ ਮਾਪਿਆਂ ਨੂੰ ਕੋਈ ਸੁਖ ਨਹੀਂ ਦੇ ਸਕੇ। ਤੂੰ ਇੱਥੇ ਹੀ ਰਹੀਂ ਜਿੰਨਾਂ ਚਿਰ ਬਾਹਰ ਜਾਣ ਦਾ ਕੰਮ ਨਹੀਂ ਬਣਦਾ। ਮੇਰੇ ਮਾਪਿਆਂ ਨੂੰ ਕੋਈ ਤਕਲੀਫ਼ ਨਾ ਹੋਵੇ"। ਪਰ ਪ੍ਰੀਤੀ ਨੇ ਆਪਣੀ ਹੋਣੀ ਦਾ ਕਿਆਸ ਲਾ ਲਿਆ ਸੀ।

ਜਤਿੰਦਰ ਦੇ ਚਲੇ ਜਾਣ ਤੋਂ ਬਾਅਦ ਜਦੋਂ ਪ੍ਰੀਤੀ ਦਾ ਕੋਈ ਰਿਸ਼ਤੇਦਾਰ ਉਸ ਨੂੰ ਮਿਲਣ ਆਉਂਦਾ ਤਾਂ ਸੀਬੋ ਬਾਹਰੋਂ ਹੀ ਦੇਖ ਕੇ ਕਹਿੰਦੀ, "ਲੈ ਆ ਗਏ ਆ ਭੁੱਖੜ..ਧੀ ਦੇ ਘਰ ਦੀ ਸਰਦਲ ਘਸਾ ਦਿੱਤੀ ਇਹਨਾਂ ਨੇ ਤਾਂ"। ਸੀਬੋ ਨੂੰ ਪ੍ਰੀਤੀ ਦੇ ਮਾਪਿਆਂ ਦਾ ਕੋਈ ਵੀ ਜੀਅ ਫੁੱਟੀ ਅੱਖ ਨਾ ਭਾਉਂਦਾ। ਉਹ ਲੋਕੜੀਆਂ ਕੋਲ ਉਨ੍ਹਾਂ ਦਾ ਖਾਧਾ ਪੀਤਾ ਵੀ ਨਿੰਦਦੀ ਫਿਰਦੀ। ਤੀਵੀਆਂ ਆਖਦੀਆਂ, " ਸੀਬੋ ਬੰਦੀਏ ਤੈਂ ਕੱਲੀ ਨੇ ਉਂਗਲਾਂ ਚੱਟੀਆਂ ਹੋਈਆਂ। ਰੰਨ ਨੇ ਪਕਾ ਲਈਆਂ, ਖਸਮ ਨੇ ਖਾ ਲਈਆਂ। ਖਸਮ ਖੇਤਾਂ ਵਿੱਚ ਤੂੰ ਲੋਕਾਂ ਦੇ ਦਰ ਦਰ। ਹੁਣ ਹੋਰ ਕੋਈ ਤੇਰੇ ਤੋਂ ਕਿੱਦਾਂ ਜਰ ਹੋਵੇ"।

ਸੀਬੋ, ਪ੍ਰੀਤੀ ਵਿਰੁੱਧ ਬਾਹਰ ਬੈਠੀ ਤੇਜੋ ਨੂੰ ਵੀ ਪੱਟੀਆਂ ਪੜ੍ਹਾਉਂਦੀ ਰਹਿੰਦੀ। ਪ੍ਰੀਤੀ ਦੇ ਮਾਪਿਆਂ ਨੇ ਆਪਣੇ ਵਿੱਤ ਮੂਜਬ ਸਾਰੇ ਸ਼ਗਨ ਕੀਤੇ ਸਨ। ਫਿਰ ਵੀ ਜਦੋਂ ਪ੍ਰੀਤੀ ਆਪਣੇ ਪੇਕਿਆਂ ਦਾ ਸੂਟ ਪਹਿਨਦੀ ਤਾਂ ਸੀਬੋ ਦੇ ਮੱਥੇ ਸੌ ਵੱਟ ਪੈ ਜਾਂਦਾ, "ਰਹਿਣ ਦੇ ਹੈਸੂ ਸੂਟ ਨੂੰ। ਦਿਸਦਾ ਈ ਆ ਸਰਾਹੀਆਂ ਵਾਲਾ। ਸ਼ਰੀਕੇ 'ਚ ਸਾਡਾ ਨੱਕ ਕਾਹਨੂੰ ਵਢਾਉਂਦੀ ਐਂ। ਸਾਡੇ ਆਲਾ ਪਾ ਲੇ ਕੋਈ"। ਪ੍ਰੀਤੀ ਕੁੱਝ ਨਾ ਬੋਲਦੀ। ਫਿਰ ਵੀ ਉਹ ਸੱਸ ਸਹੁਰੇ ਨੂੰ ਬੀਜੀ , ਭਾਪਾ ਜੀ ਕਰਦੀ ਫਿਰਦੀ।

ਪ੍ਰੀਤੀ ਦੀ ਟਿਕਟ ਆ ਗਈ। ਉਹ ਨੇ ਜਤਿੰਦਰ ਕੋਲ ਪਹੁੰਚ ਜਾਣਾ ਸੀ। ਉਸ ਨੇ ਸੋਚਿਆ ਹੁਣ ਖਹਿੜਾ ਛੁੱਟ ਜਾਵੇਗਾ। ਸੀਬੋ ਪ੍ਰੀਤੀ ਨੂੰ ਕਿਸੇ ਜਾਲ ਵਿੱਚ ਫਸਾਉਣਾ ਚਾਹੁੰਦੀ ਸੀ ਪਰ ਕੋਈ ਪੇਸ਼ ਨਾ ਗਈ। ਜਿਸ ਦਿਨ ਪ੍ਰੀਤੀ ਨੂੰ ਜਹਾਜ਼ ਚੜ੍ਹਾ ਕੇ ਸ਼ੰਕਰ ਸਿੰਘ ਵਾਪਿਸ ਮੁੜਿਆ ਤਾਂ ਸੀਬੋ ਨੇ ਚੰਗਿਆੜੀ ਛੱਡ ਦਿੱਤੀ, "ਤੇਰੀ ਨੂੰਹ ਕੰਨਾਂ ਦੀਆਂ ਵਾਲੀਆਂ ਆਪਣੇ ਪੇ ਨੂੰ ਫੜਾ ਗਈ ਐ"। ਸੀਬੋ ਨੇ ਇਹ ਗੱਲ ਤੇਜੋ ਨੂੰ ਵੀ ਪੁਚਾ ਦਿੱਤੀ। ਪ੍ਰੀਤੀ ਦੇ ਮਾਪਿਆਂ ਨੂੰ ਕੋਈ ਸਫ਼ਾਈ ਦਾ ਮੌਕਾ ਹੀ ਨਾ ਦਿੱਤਾ ਕਿ ਸੱਚ ਕੀ ਹੈ ਤੇ ਝੂਠ ਕੀ।

ਪ੍ਰੀਤੀ ਦੇ ਜਤਿੰਦਰ ਕੋਲ ਪਹੁੰਚਣ ਤੋਂ ਪਹਿਲਾਂ ਹੀ ਉਹਦੀਆਂ ਗੱਲਾਂ ਉੱਥੇ ਪਹੁੰਚ ਗਈਆਂ। ਉੱਥੇ ਸੀਬੋ ਦੀ ਥਾਂ 'ਤੇ ਇੱਕ ਹੋਰ ਔਰਤ, ਤੇਜੋ ਬੈਠੀ ਸੀ। ਪ੍ਰੀਤੀ ਨੂੰ ਮਾਣ ਸੀ ਕਿ ਜਤਿੰਦਰ ਉਸ ਦੇ ਨਾਲ ਹੈ। ਉਹ ਸਭ ਸੰਭਾਲ ਲਵੇਗਾ। ਸਮਾਂ ਬੀਤਦਾ ਗਿਆ। ਇੱਕ ਅਣਦਿਸਿਆ ਜਾਲ਼ ਪ੍ਰੀਤੀ ਦੁਆਲੇ ਬੁਣਿਆਂ ਜਾ ਰਿਹਾ ਸੀ। ਪ੍ਰੀਤੀ ਹਰ ਕੰਮ ਅਤੇ ਗੱਲ ਸੋਚ ਸਮਝ ਕੇ ਕਰਦੀ ਪਰ ਤੇਜੋ ਪਤਾ ਨਹੀਂ ਨੁਕਸ ਫੜਨ ਲਈ ਪਹਿਲਾਂ ਹੀ ਸੋਚੀ ਬੈਠੀ ਹੁੰਦੀ। ਪ੍ਰੀਤੀ ਨੇ ਬਹੁਤ ਕੁੱਝ ਸਹਿ ਲਿਆ ਸੀ। ਉਸ ਨੂੰ ਇਸ ਜਾਲ ਵਿੱਚੋਂ ਨਿਕਲਣ ਦਾ ਕੋਈ ਚਾਰਾ ਦਿਸਦਾ ਨਹੀਂ ਸੀ। ਕਈ ਵਾਰ ਉਸ ਨੂੰ ਲਗਦਾ, ਜਤਿੰਦਰ ਵੀ ਤੇਜੋ ਦੀ ਹਾਮੀ ਭਰਦਾ ਹੈ। ਪਰ ਜਤਿੰਦਰ ਦਾ ਹਾਲ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲਾ ਸੀ। ਉਹ ਤੇਜੋ ਅਤੇ ਪ੍ਰੀਤੀ ਦੋਹਾਂ ਵਿੱਚੋਂ ਕਿਸੇ ਨੂੰ ਵੀ ਬੁਰਾ ਨਹੀਂ ਸੀ ਬਣਾ ਸਕਦਾ। ਤੇਜੋ ਦੇ ਜਤਿੰਦਰ 'ਤੇ ਕਈ ਅਹਿਸਾਨ ਸਨ। ਤੇਜੋ ਦੀ ਨੌਕਰੀ ਜ਼ਿਆਦਾ ਤਨਖਾਹ ਵਾਲੀ ਸੀ। ਘਰ ਦੀਆਂ ਕਿਸ਼ਤਾਂ ਵੀ ਸਾਂਝੀਆਂ ਸਨ ਪਰ ਉਨ੍ਹਾਂ ਦਾ ਵੱਡਾ ਹਿੱਸਾ ਤੇਜੋ ਹੀ ਭਰਦੀ ਸੀ।

ਤੇਜੋ ਹਰ ਹੀਲੇ ਕਿਸੇ ਐਸੇ ਸਕੰਜੇ ਵਿੱਚ ਪ੍ਰੀਤੀ ਨੂੰ ਫਸਾਉਣਾ ਚਾਹੁੰਦੀ ਸੀ ਜਿੱਥੋਂ ਉਹ ਨਿਕਲ ਨਾ ਸਕੇ। ਇਕ ਦਿਨ ਅਜਿਹਾ ਆ ਹੀ ਗਿਆ। ਜਤਿੰਦਰ ਦੇ ਬੇਟੇ ਦੀ ਗੋਲ੍ਹਕ ਮਿਲ ਨਹੀ ਸੀ ਰਹੀ। ਉਹ ਕਦੀ ਆਪਣੀ ਭੂਆ ਨੂੰ ਪੁੱਛਦਾ ਅਤੇ ਮੰਮਾ ਨੂੰ। ਕਿਸੇ ਨੂੰ ਕੀ ਪਤਾ ਕਿ ਗੋਲ੍ਹਕ ਤਾਂ ਤੇਜੋ ਨੇ ਪੈਸੇ ਕੱਢ ਕੇ ਦੋ ਦਿਨ ਪਹਿਲਾਂ ਕੂੜੇਦਾਨ ਵਿੱਚ ਸੁੱਟ ਦਿੱਤੀ ਸੀ। ਪਰ ਸ਼ੱਕ ਦੀ ਸੂਈ ਪ੍ਰੀਤੀ ਵੱਲ ਘੁਮਾ ਦਿੱਤੀ ਗਈ। ਪ੍ਰੀਤੀ ਕੋਲ ਆਪਣੀ ਸਫ਼ਾਈ ਲਈ ਸਬੂਤ ਨਹੀਂ ਸੀ। ਇਸ ਗੱਲ 'ਤੇ ਘਰ ਵਿੱਚ ਕਾਫੀ ਝਗੜਾ ਹੋਇਆ। ਤੇਜੋ ਕੜਕੀ, "ਇੱਕ ਘਰ ਤਾਂ ਡੈਣ ਵੀ ਛੱਡ ਦਿੰਦੀ ਆ, ਤੂੰ ਤਾਂ ਫਿਰ ਵੀ ਮਾਂ..। ਮੈਂ ਪਿਓ ਦੀ ਧੀ ਨਹੀਂ ਜੇ ਤੈਨੂੰ ਇਸ ਘਰ 'ਚੋਂ ਕੱਢ ਕੇ ਇੰਡੀਆ ਨਾ ਭੇਜਿਆ"। ਜਤਿੰਦਰ ਵਾਰ ਵਾਰ ਪ੍ਰੀਤੀ ਨੂੰ ਗੋਲ੍ਹਕ ਬਾਰੇ ਪੁੱਛ ਰਿਹਾ ਸੀ। ਪਰ ਪ੍ਰੀਤੀ ਪੱਥਰ ਦੇ ਬੁੱਤ ਵਾਂਗ ਚੁੱਪ ਸੀ। ਉਹਨੂੰ ਪਤਾ ਸੀ ਕਿ ਉਸ ਦੀ ਕੋਈ ਨਹੀਂ ਸੁਣੀ ਜਾਣੀ। ਉਹ ਸਾਰੀ ਸਾਜ਼ਿਸ਼ ਸਮਝ ਗਈ ਸੀ।

ਪ੍ਰੀਤੀ ਜਤਿੰਦਰ ਨੂੰ ਫੜ ਕੇ ਆਪਣੇ ਕਮਰੇ ਵਿੱਚ ਲੈ ਗਈ। ਉਹ ਨੇ ਜਤਿੰਦਰ ਦੇ ਪੈਰ ਫੜ ਲਏ। ਉਹ ਮਿੰਨਤਾਂ ਕਰ ਰਹੀ ਸੀ। ਪਰ ਜਤਿੰਦਰ ਬੇਬਸ ਕਹਿ ਰਿਹਾ ਸੀ, "ਤੇਜੋ ਦੀ ਗੱਲ ਮੈਂ ਨਹੀਂ ਮੋੜ ਸਕਦਾ। ਹਾਂ! ਆਪਾਂ ਇਕ ਸਮਝੌਤਾ ਕਰ ਲੈਂਦੇ ਹਾਂ। ਤੂੰ ਮੈਨੂੰ ਤਲਾਕ ਲਿਖ ਦੇ। ਮੈਂ ਤੈਨੂੰ ਪੱਕੀ ਕਰਵਾ ਦਿੰਦਾ ਹਾਂ"।

ਇਸ ਤਰ੍ਹਾਂ ਕਲੇਸ਼ ਵਿੱਚ ਦੋ ਦਿਨ ਬੀਤ ਗਏ। ਜਤਿੰਦਰ ਨੇ ਤੇਜੋ ਨੂੰ ਦੱਸ ਦਿੱਤਾ ਕਿ ਉਹ ਪ੍ਰੀਤੀ ਨੂੰ ਇੰਡੀਆ ਵਾਪਸ ਭੇਜ ਰਿਹਾ ਹੈ। ਉਹ ਉਸ ਦਾ ਸਾਮਾਨ ਗੱਡੀ ਵਿੱਚ ਰੱਖ ਕੇ ਏਅਰਪੋਰਟ ਲੈ ਗਿਆ। ਸਮਾਨ ਉਤਾਰ ਕੇ ਟਿਕਟ ਹੱਥ ਵਿੱਚ ਫੜੀ ਉਹ ਖੜ੍ਹਾ ਰਿਹਾ। ਪ੍ਰੀਤੀ ਟਾਇਲਟ ਗਈ ਹੀ ਨਾ ਮੁੜੀ। ਜਦੋਂ ਉਹ ਵਾਪਸ ਆਈ ਤਾਂ ਜਹਾਜ਼ ਇੰਡੀਆ ਲਈ ਜਾ ਚੁੱਕਾ ਸੀ। ਪ੍ਰੀਤੀ ਨੇ ਆਪਣਾ ਸਮਾਨ ਚੁਕਿਆ ਤੇ ਟੈਕਸੀ ਕਰ ਕੇ ਕਿਸੇ ਅਣਦੱਸੀ ਥਾਂ ਵੱਲ ਤੁਰ ਗਈ।

❋ ❋ ❋ ❋ ❋

ਕਦੇ ਗਲਤੀ ਕਰਨਾ ਕੋਈ ਵੱਡੀ ਗੱਲ ਨਹੀਂ,
ਪਰ ਗਲਤੀ ਕਰਕੇ
ਭਵਿੱਖ ਵਿੱਚ ਫਿਰ ਓਹ ਜਿਹੀ ਗਲਤੀ ਕਰਨਾ
ਸਭ ਤੋਂ ਵੱਡੀ ਗਲਤੀ ਹੈ। (ਕਾਰਲਾਈਵ)

# ਤੈਨੂੰ ਤੀਆਂ ਨੂੰ ਲੈਣ ਨਾ ਆਏ

**ਅਮਰੀਕ ਹਮਰਾਜ**
ਪਿੰਡ ਬਗਵਾਈਂ (ਹੁਸ਼ਿਆਰਪੁਰ)



ਸਾਉਣ ਦਾ ਮਹੀਨਾ ਪੂਰੇ ਸਾਲ ਵਿੱਚੋਂ ਨਵੇਕਲਾ ਹੈ। ਜਵਾਨ ਹਿਰਦੇ ਇਸ ਮਹੀਨੇ ਦੀ ਉਡੀਕ ਬੇਸਬਰੀ ਨਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿੱਚ ਕੁੜੀਆਂ-ਚਿੜੀਆਂ ਆਪਣੇ ਆਪ ਨੂੰ ਆਜ਼ਾਦ ਅੰਬਰ ਵਿੱਚ ਦੀਆਂ ਮਹਿਸੂਸ ਕਰਦੀਆਂ ਹਨ। ਕਈ ਵਿਦਵਾਨਾ ਦਾ ਵਿਚਾਰ ਹੈ ਕਿ ਤਾਨਸੈਨ ਦੇ ਸੰਗੀਤ ਨਾਲ ਕਾਲੀਆਂ ਘਟਾਵਾਂ ਚੜ੍ਹ ਆਈਆਂ ਸਨ ਅਤੇ ਕਈ ਕਿਸੇ ਤਾਮਿਲ ਸੰਗੀਤਕਾਰ ਦੀ ਵਾਇਲਨ ਦੀ ਕਰਾਮਾਤ ਦੱਸਦੇ ਹਨ ਜਿਸ ਨਾਲ ਧਰਤੀ 'ਤੇ ਜ਼ੋਰਦਾਰ ਵਰਖਾ ਉੱਤਰ ਆਈ ਸੀ। ਅਸਲ ਵਿੱਚ ਮੌਨਸੂਨ ਹਵਾਵਾਂ ਦੀ ਆਮਦ ਹੀ ਬਰਸਾਤ ਦੀ ਨੀਂਹ ਹੈ। ਸਾਉਣ ਵਿੱਚ ਜਦੋਂ ਚਾਰੇ ਪਾਸੇ ਵਿਛੀ ਹਰਿਆਵਲ ਮਨਮੋਹਣਾ ਦ੍ਰਿਸ਼ ਪੇਸ਼ ਕਰਦੀ ਹੈ ਤਾਂ ਕਿਸਾਨ ਭੰਗੜਾ ਪਾਉਂਦੇ ਹਨ, ਕੋਇਲਾਂ ਦੀ ਕੂਕ ਅਤੇ ਪਪੀਹੇ ਦੀ ਪੁਕਾਰ ਜਵਾਨ ਧੜਕਣਾਂ ਨੂੰ ਹਲੂਣ ਜਾਂਦੀਆਂ ਹਨ।

ਸਾਉਣ ਤੋਂ ਪਹਿਲਾਂ ਧਰਤੀ ਦੀ ਹਿੱਕ ਗਰਮੀ ਦੀ ਹੈਂਕੜ ਨਾਲ ਤਿਲਮਿਲਾ ਉੱਠਦੀ ਹੈ। ਮਨੁੱਖ, ਪਸ਼ੂ ਤੇ ਜਨੌਰ ਪਾਣੀ ਦੀ ਬੂੰਦ ਨੂੰ ਤਰਸ ਜਾਂਦੇ ਹਨ। ਖੇਤਾਂ ਦੇ ਪਾਲੀ ਅੰਬਰ ਤੋਂ ਚਾਰ ਛਿੱਟਾਂ ਸੁੱਟਣ ਦੀ ਅਰਦਾਸ ਕਰਦੇ ਹਨ। ਜਦੋਂ ਵਰਖਾ ਦੀ ਪਹਿਲੀ ਫੁਹਾਰ ਧਰਤੀ ਦੀ ਹਿੱਕ ਚੁੰਮਦੀ ਹੈ ਤਾਂ ਪਿਆਸੀ ਮਿੱਟੀ ਦੀ ਮਹਿਕ ਦਿਲੋ-ਦਿਮਾਗ ਵਿੱਚ ਨਵੇਕਲੀ ਮਸਤੀ ਅਤੇ ਆਨੰਦ ਭਰ ਦਿੰਦੀ ਹੈ। ਇਹ ਅੱਲ੍ਹੜ ਜਵਾਨੀਆਂ ਦੇ ਕਲੇਜੇ ਵਿੱਚ ਆਪਣੇ ਵਿਛੜੇ ਪਿਆਰੇ ਦੀ ਕਸਕ ਪੈਦਾ ਕਰ ਦਿੰਦੀ ਹੈ। ਮਾਹੀ ਦੀ ਯਾਦ ਵਿੱਚ ਦਿਨ ਕੱਟ ਰਹੀ ਬਿਰਹਣ ਦੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ ਅਤੇ ਲਾਮ 'ਤੇ ਗਿਆ ਸਾਂਈਂ ਉਸ ਨੂੰ ਸੁਫ਼ਨਿਆਂ ਵਿੱਚ ਆ ਕੇ ਤੰਗ ਕਰਨ ਲਗਦਾ ਹੈ। ਉਸ ਦਾ ਰੋਮ ਰੋਮ ਕਹਿ ਉੱਠਦਾ ਹੈ:- 'ਮਾਹੀ ਵੇ ! ਲੈ ਕੇ ਛੁੱਟੀਆਂ ਮਹੀਨੇ ਦੀਆਂ ਆ'।

ਗੁਰੂ ਨਾਨਕ ਦੇਵ ਜੀ ਨੇ ਸਾਉਣ ਮਹੀਨੇ ਵਿੱਚ ਮਾਹੀ ਦੇ ਮਿਲਾਪ ਅਤੇ ਵਿਛੋੜੇ ਦੀ ਪੀੜ ਦਾ ਵਰਣਨ ਕੀਤਾ ਹੈ- ' ਸਾਵਣ ਸਰਸ ਮਨਾ ਘਣ ਵਰਸਹਿ ਰੁਤਿ ਆਏ। ਮੈ ਮਨਿ ਭਾਵੈ ਪਿਰ ਪਰਦੇਸ ਸਿਧਾਏ'।

ਇਹ ਮਹੀਨਾ ਮਿਲਾਪਾਂ ਦਾ ਵੀ ਹੈ। ਤੀਆਂ ਦੇ ਲਗਦੇ ਅਖਾੜੇ ਵਿੱਚ ਜਿੱਥੇ ਵਿਛੜੀਆਂ ਸਖੀਆਂ ਰਲ਼ ਕੇ ਆਪਣੇ ਮਨ ਦੇ ਉਬਾਲ ਕੱਢਦੀਆਂ ਹਨ ਉੱਥੇ ਗੱਭਰੂ ਵੀ ਪੁਰਾਣੀਆਂ ਲੱਗੀਆਂ ਚੇਟਕਾਂ ਤੀਆਂ ਦੇ ਇਕੱਠ ਦੁਆਲੇ ਗੇੜਾ ਮਾਰ ਕੇ ਸ਼ਾਂਤ ਕਰਦੇ ਹਨ- ' ਹੁਣ ਅੱਖ ਨਾ ਮਿਲਾਵੇਂ ਡੁੱਬ ਜਾਣੀਏਂ, ਤ੍ਰਿਞਣਾਂ 'ਚ ਲਾਈ ਭੁੱਲ ਗਈ'।

ਇਸ ਮਹੀਨੇ ਨੂੰ ਮੁਟਿਆਰਾਂ ਅਤੇ ਜਵਾਨੀ ਦਾ ਮਹੀਨਾ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ। ਤੀਆਂ ਸਮੇਂ ਪਿੰਡਾਂ ਦੀਆਂ ਕੁੜੀਆਂ ਵੱਡੇ-ਵੱਡੇ ਜੁੱਟਾਂ ਵਿੱਚ ਪਿੰਡ ਦੇ ਬਾਹਰਵਾਰ ਇੱਕ ਥਾਂ ਇਕੱਠੀਆਂ ਹੁੰਦੀਆਂ ਹਨ। ਕਿਸੇ ਪਿੱਪਲ ਜਾਂ ਬਰੋਟੇ ਹੇਠਾਂ ਖ਼ੂਬ ਰੰਗ ਬੱਝਦਾ ਹੈ। ਪਿੱਪਲ 'ਤੇ ਪਾਈ ਪੀਂਘ ਝੂਟ ਦਿਆਂ ਖ਼ੂਬ ਖਰੂਦ ਕੀਤਾ ਜਾਂਦਾ ਹੈ। ਮੁਟਿਆਰਾਂ, ਬੋਲੀਆਂ ਤੇ ਗੀਤਾਂ ਰਾਹੀਂ ਦੱਬੀਆਂ ਭਾਵਨਾਵਾਂ, ਖੁਸ਼ੀਆਂ, ਮਾਨਸਿਕ ਪੀੜਾਂ, ਘਰੇਲੂ ਬੰਦਸ਼ਾਂ ਦੇ ਦੁੱਖ, ਮਨ ਦੇ ਦੱਬੇ ਬੇਰੋਕ ਉਛਾਲਿਆਂ ਨੂੰ ਇੱਕ-ਦੂਜੇ ਨਾਲ ਸਾਂਝੇ ਕਰਦੀਆਂ ਹਨ। ਗਿੱਧੇ ਨੂੰ ਲੋਹੜਾ ਆਉਂਦਾ ਹੈ। ਕਿਕਲੀ ਜ਼ੋਰ ਵਿਖਾਉਂਦੀ ਹੈ। ਧਰਤੀ ਤਰਾਹ-ਤਰਾਹ ਕਰਦੀ ਹੈ। ਪੀਂਘ ਦੇ ਹੁਲਾਰੇ ਨਾਲ ਪਿੱਪਲ ਕੰਬ ਉਠਦਾ ਹੈ। ਇਸ ਪਿੱਪਲ ਦੇ ਹੇਠਾਂ ਮੁਟਿਆਰ ਨੇ ਬਚਪਨ ਤੋਂ ਜਵਾਨੀ ਤੱਕ ਕਈ ਹਠਖੇਲੀਆਂ ਕੀਤੀਆਂ ਹੁੰਦੀਆਂ ਹਨ।

ਇਹ ਮਹੀਨਾ ਵਿਆਹੀਆਂ ਕੁੜੀਆਂ ਲਈ ਹੋਰ ਰੰਗ ਨਾਲ ਆਉਂਦਾ ਹੈ। ਸਾਉਣ ਤੋਂ ਪਹਿਲਾਂ ਨਵ-ਵਿਆਹੀਆਂ ਕੁੜੀਆਂ ਨੂੰ ਸ਼ਗਨਾਂ ਨਾਲ ਪੇਕੇ ਲਿਆਇਆ ਜਾਂਦਾ ਹੈ। ਮਾਪਿਆਂ ਦੇ ਘਰ ਜਾ ਕੇ ਤੀਆਂ ਦਾ ਮਜ਼ਾ ਲੈਣ ਲਈ ਸਾਵਣ ਨੂੰ 'ਮਾੜਾ ਮਹੀਨਾ' ਜਾਂ 'ਸੱਸ ਦੇ ਮੱਥੇ ਨਾ ਲੱਗਣ' ਦਾ ਮਨਘੜਤ ਬਹਾਨਾ ਬਣਾਇਆ ਜਾਂਦਾ ਹੈ। ਮੁਟਿਆਰ ਗੁਣਗੁਣਾਂਦਿਆਂ ਕਹਿੰਦੀ ਹੈ- ' ਤੀਆਂ ਨੂੰ ਤਾਂ ਲੈ ਜਾਈਂ ਵੀਰਨਾ, ਕੱਤੂੰ ਚਰਖਾ ਖਿਡਾਊਂ ਪੁੱਤ ਤੇਰਾ'। ਜਦੋਂ ਕਿਸੇ ਕਾਰਨ ਮਾਪੇ ਆਪਣੀ ਧੀ ਨੂੰ ਨਹੀਂ ਲੈ ਕੇ ਜਾਂਦੇ ਤਾਂ ਸੱਸ ਬਹੂ ਨੂੰ ਸੁਣਾ ਕੇ ਕਹਿੰਦੀ ਹੈ-

ਤੈਨੂੰ ਤੀਆਂ ਨੂੰ ਲੈਣ ਨਾ ਆਏ,
ਬਹੁਤਿਆਂ ਭਰਾਵਾਂ ਵਾਲੀਏ।

ਅਜਿਹੀ ਹਾਲਤ ਵਿੱਚ ਉਸ ਦੀ ਨਨਾਣ ਪੀਂਘ ਝੂਟਣ ਲਈ ਉਸ ਨੂੰ ਬੁਲਾਂਦਿਆਂ ਕਹਿੰਦੀ ਹੈ-

ਆ ਜਾ ਭਾਬੋ ਝੂਟ ਲੈ ਪੀਂਘ ਹੁਲਾਰੇ ਲੈਂਦੀ।

ਬੜੀ ਮਸ਼ਹੂਰ ਕਹਾਵਤ ਹੈ, 'ਪੂਰ ਬੇੜੀ ਦਾ ਤ੍ਰਿਞਣ ਦੀਆਂ ਕੁੜੀਆਂ, ਸਬੱਬ ਨਾਲ ਹੋਣ ਇਕੱਠੀਆਂ'। ਅਟੱਲ ਸਚਾਈ ਹੈ ਕਿ ਜਦੋਂ ਚਿੜੀਆਂ ਦਾ ਚੰਬਾ ਵਿਛੁੱੜ ਜਾਂਦਾ ਹੈ ਤਾਂ ਬੜੇ ਔਖੇ ਸਬੱਬ ਬਣਦੇ ਹਨ ਫਿਰ ਮਿਲਣ ਦੇ। ਜਦੋਂ ਮਾਹੀ ਸਾਉਣ ਦੇ ਮਹੀਨੇ ਰਹਿਣ ਲਈ ਜੋਜੋ ਨੂੰ ਲੈਣ ਲਈ ਜਾਂਦਾ ਹੈ ਤਾਂ ਅੱਗੋਂ ਬੜੀਆਂ ਟਕੋਰਾਂ ਝੱਲਣੀਆਂ ਪੈਂਦੀਆਂ ਹਨ- ' ਤੇਰੀ ਮੱਤ ਕਿਉਂ ਗੱਭਰੂਆ ਮਾਰੀ, ਸਾਉਣ ਵਿੱਚ ਲੈਣ ਆ ਗਿਆ'। ਪਰ ਅੱਜ ਵਿਦੇਸ਼ ਜਾਂ ਆਪਣੇ ਦੇਸ਼ ਵਿੱਚ ਜ਼ਿੰਦਗੀ ਦੀ ਭੱਜ-ਦੌੜ ਅਤੇ ਮਾਨਸਿਕ ਤਣਾਓ ਨੇ ਪੀਂਘ ਦੇ ਹੁਲਾਰਿਆਂ ਨੂੰ ਮਾਹੀ ਦੀ ਗੱਡੀ ਦੇ ਝੂਟਿਆਂ ਵਿੱਚ ਬਦਲ ਦਿੱਤਾ ਹੈ।

ਇਹ ਮਹੀਨਾ ਆਰਥਿਕ ਪੱਖੋਂ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਧਰਤੀ ਨੇ ਪਾਣੀ ਦੇ ਭੰਡਾਰ ਇਨ੍ਹਾਂ ਦਿਨਾਂ ਵਿੱਚ ਹੀ ਭਰਨੇ ਹੁੰਦੇ ਹਨ। ਇਨ੍ਹਾਂ ਦਿਨਾਂ ਵਿੱਚ ਹੀ ਟਿੱਬਿਆਂ ਅਤੇ ਪਹਾੜਾਂ ਉੱਤੇ ਪੈਦਾ ਹੋਈ ਬਨਸਪਤੀ ਦੀ ਕਿਸਮਤ ਖੁੱਲ੍ਹਦੀ ਹੈ। ਅੰਨਦਾਤੇ ਦੇ ਹੱਥੀਂ ਕੋਠੀਆਂ ਵਿੱਚ ਦਾਣੇ ਭਰਨ ਦਾ ਹੀਲਾ ਬਰਸਤ ਹੀ ਹੁੰਦੀ ਹੈ। ਕਈ ਵਾਰ ਲੋੜ ਤੋਂ ਵੱਧ

ਮੀਂਹ ਨਾਲ ਆਏ ਹੜ੍ਹ ਭਿਆਨਕ ਤਬਾਹੀ ਕਰਦੇ ਹਨ ਅਤੇ ਕਦੇ ਕਦੇ ਸਾਉਣ ਦਾ ਮਹੀਨਾ ਸੁੱਕਾ ਹੀ ਲੰਘ ਜਾਂਦਾ ਹੈ। ਅਜਿਹੇ ਸਮੇਂ ਕੁੜੀਆਂ ਗੁੱਡੀ ਸਾੜਨ ਦੀ ਰਸਮ ਕਰਦੀਆਂ ਅਤੇ ਕਿਸਾਨ ਦੀ ਮਾੜੀ ਹਾਲਤ ਨੂੰ ਬਿਆਨ ਕਰਨ ਲਈ ਕੂਕਦੀਆਂ ਹਨ- 'ਸਾਉਣ ਮਹੀਨਾ ਮੀਂਹ ਨਾ ਪੈਂਦਾ, ਸੁੱਕੀਆਂ ਵਾਹੁਣ ਜ਼ਮੀਨਾਂ। ਤੂੜੀ ਖਾਂਦੇ ਬਲਦ ਹਾਰ ਗਏ, ਗੱਭਰੂ ਗਿੱਝ ਗਏ ਫੀਮਾਂ। ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ'।

ਸਾਉਣ ਦੇ ਮਹੀਨੇ ਪਿੰਡਾਂ ਦੇ ਗੱਭਰੂ ਆਪਣੇ ਸਰੀਰਾਂ ਨੂੰ ਵਰਜ਼ਿਸ਼ ਕਰ ਕਰ ਕੇ ਚਮਕਾਉਂਦੇ ਹਨ। ਕਬੱਡੀ ਅਤੇ ਘੋਲ ਦੇ ਪਿੜ ਬੱਝਦੇ ਹਨ। ਦੇਸੀ ਘਿਓ ਦੇ ਗੱਫੇ ਲਾ ਕੇ ਡੰਡ-ਬੈਠਕਾਂ ਮਾਰ ਮਾਰ ਕੇ ਆਪਣੇ ਫ਼ੌਲਾਦੀ ਡੌਲ਼ਿਆਂ 'ਤੇ ਮੋਰਨੀਆਂ ਪੁਆ ਕੇ ਜਦੋਂ ਪੰਜਾਬ ਦੇ ਛੈਲ-ਬਾਂਕੇ ਪਿੜਾਂ ਵਿੱਚ ਨਿੱਤਰਦੇ ਹਨ ਤਾਂ ਪਿੜ ਦੁਆਲੇ ਇਕੱਠਾ ਹੋਇਆ ਜਨ-ਸਮੂਹ ਤਾਂ ਅਸ਼-ਅਸ਼ ਕਰਦਾ ਹੀ ਹੈ ਨਾਲ ਹੀ ਬਰਸਾਤ ਨੂੰ ਵੀ ਕੰਬਣੀ ਛਿੜ ਪੈਂਦੀ ਹੈ। ਇਸ ਮਹੀਨੇ ਝੜੀਆਂ ਵਿੱਚ ਖੀਰਾਂ-ਪੂੜਿਆਂ ਦੇ ਰੰਗ ਵੀ ਲਗ ਜਾਂਦੇ ਹਨ। ਇਨ੍ਹਾਂ ਦਿਨਾਂ ਵਿੱਚ ਵਰਤ ਰੱਖਣ ਅਤੇ ਕੰਜਕਾਂ ਨੂੰ ਅੰਨ ਖੁਆਉਣ ਦਾ ਰਿਵਾਜ ਵੀ ਹੈ। ਜਿਉਂ ਜਿਉਂ ਸਾਉਣ ਦੇ ਦਿਨ ਬੀਤਦੇ ਜਾਂਦੇ ਹਨ ਉਵੇਂ ਹੀ ਜਵਾਨ ਹਿਰਦਿਆਂ ਵਿੱਚ ਵਿਛੜਨ ਦਾ ਹੌਲ ਪੈਣ ਲਗਦਾ ਹੈ। ਮੁਟਿਆਰਾਂ ਸਖੀਆਂ ਨੂੰ ਗਲ਼ੇ ਲਗਦੀਆਂ ਹਨ। ਪਿੜਾਂ ਵਿੱਚ ਉਦਾਸ ਬੋਲੀਆਂ ਗੂੰਜਦੀਆਂ ਹਨ-

' ਸਾਉਣ ਦੀ ਮੈਂ ਵੰਡਾਂ ਸ਼ੀਰਨੀ,
ਭਾਦੋਂ ਚੰਦਰੀ ਨੂੰ ਅੱਗ ਲਗ ਜਾਵੇ'।

ਜਿਸ ਪਿੱਪਲ ਦੇ ਥੱਲੇ ਬਚਪਨ ਹੰਢਾਇਆ, ਕੌਲ-ਕਰਾਰ ਕੀਤੇ ਅਤੇ ਜਿਸ ਪਿੱਪਲ ਨੇ ਉਨ੍ਹਾਂ ਦੇ ਗੁੱਝੇ ਭੇਦ ਸਾਂਭ ਕੇ ਰੱਖੇ, ਉਹ ਉਨ੍ਹਾਂ ਨੂੰ ਰੱਬ ਜਾਪਦਾ ਹੈ- ' ਪਿੱਪਲਾ ਵੇ ਸਾਡੇ ਪਿੰਡ ਦਿਆ, ਪੀਂਘਾਂ ਅਸੀਂ ਝੂਟਾਈਆਂ'। ਇਸ ਤਰ੍ਹਾਂ ਭਰੇ ਮਨ ਨਾਲ ਮੁਟਿਆਰਾਂ ਸਾਉਣ ਮਹੀਨੇ ਨੂੰ ਅਲਵਿਦਾ ਕਹਿੰਦੀਆਂ ਹਨ। ਭਾਵੇਂ ਅੱਜ ਦੇ ਰੁਝੇਵਿਆਂ ਅਤੇ ਮਨੋਰੰਜਕ ਸਾਧਨਾਂ ਨੇ ਤੀਆਂ ਵਰਗੇ ਰੰਗੀਨ ਪਲਾਂ ਨੂੰ ਕਰਾਰੀ ਸੱਟ ਮਾਰੀ ਹੈ ਪ੍ਰੰਤੂ ਮਾਨਸਿਕ ਪਰੇਸ਼ਾਨੀ ਦੇ ਅਜੋਕੇ ਦੌਰ ਵਿੱਚ ਇਹੋ ਜਿਹੇ ਤਿਉਹਾਰਾਂ ਦੀ ਬਹੁਤ ਜ਼ਰੂਰਤ ਹੈ।

❋ ❋ ❋ ❋ ❋

.......ਸਫਾ 14 ਦੀ ਬਾਕੀ

ਇਸ ਤੋਂ ਇਲਾਵਾ 6 ਖੇਡ ਮੁਕਾਬਲਿਆਂ ਵਿੱਚ ਭਾਰਤੀ ਖਿਡਾਰੀ ਚੌਥੇ ਸਥਾਨ 'ਤੇ ਰਹਿਣ ਕਰਕੇ ਤਮਗਾ ਲੈਣ ਤੋਂ ਖੁੰਝ ਗਏ। ਇਹ ਹਨ- 10 ਮੀਟਰ ਏਅਰ ਰਾਈਫਲ ਨਿਸ਼ਾਨੇਬਾਜ਼ੀ ਵਿੱਚ ਅਰਜੁਨ ਬਬੂਤਾ, 25 ਮੀਟਰ ਪਿਸਟਲ ਮਹਿਲਾ ਮੁਕਾਬਲੇ ਵਿੱਚ ਮਨੂ ਭਾਕਰ, ਤੀਰ ਅੰਦਾਜ਼ੀ ਡਬਲਜ਼ ਮੁਕਾਬਲੇ ਵਿੱਚ ਅੰਕਿਤਾ ਅਤੇ ਧੀਰਜ ਦੀ ਜੋੜੀ, ਮਿਕਸਡ ਸਕੀਟ(ਨਿਸ਼ਾਨੇਬਾਜ਼ੀ) ਮੁਕਾਬਲੇ ਦੀ ਟੀਮ ਦੇ ਮਾਹੇਸ਼ਵਰੀ ਚੌਹਾਨ ਤੇ ਜੀਤ ਸਿੰਘ ਨਰੂਕਾ, ਬੈਡਮਿੰਟਨ ਦੇ ਲਕਸ਼ ਸੇਨ ਅਤੇ ਵੇਟ੍ਹਲਿਫਟਰ ਮੀਰਾ ਬਾਈ ਚਾਨੂ।

### ਸੈਣੀ ਬਰਾਦਰੀ ਦੀ ਸ਼ਾਨ-


## ਪੁਸ਼ਪਿੰਦਰ ਸਿੰਘ ਸੈਣੀ

ਇੰਗਲੈਂਡ ਦੇ ਸ਼ਹਿਰ ਸਾਊਥਾਲ ਦੇ ਵਸਨੀਕ ਪੁਸ਼ਪਿੰਦਰ ਸਿੰਘ ਸੈਣੀ ਉਸ ਦੇਸ਼ ਦੀ ਹਾਈ ਕੋਰਟ ਵਿੱਚ ਜੱਜ ਹਨ। ਉਹ ਸਤੰਬਰ, 2019 ਵਿੱਚ ਇਸ ਮਾਣਮੱਤੇ ਅਹੁਦੇ 'ਤੇ ਤਾਇਨਾਤ ਹੋਏ ਸਨ। ਉਹ ਉਸ ਪੈਨਲ ਵਿੱਚ ਨਿਯੁਕਤ ਹੋਏ ਸੱਤ ਜੱਜਾਂ ਵਿੱਚੋਂ ਇੱਕ ਸਨ। ਉਨ੍ਹਾਂ ਨੂੰ 'ਮਿਸਟਰ ਜਸਟਿਸ ਸੈਣੀ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਮਿਸਟਰ ਜਸਟਿਸ ਸੈਣੀ ਪੂਰਬੀ ਅਫਰੀਕਾ ਤੋਂ ਪ੍ਰਵਾਸ ਕਰ ਕੇ ਇੰਗਲੈਂਡ ਵਿੱਚ ਵਸੇ ਪਗੜੀਧਾਰੀ ਪੰਜਾਬੀ ਸਿੱਖ ਹਨ। ਉਨ੍ਹਾਂ ਦਾ ਪਰਿਵਾਰ ਸੰਨ 1970 ਵਿੱਚ ਕੀਨੀਆਂ ਤੋਂ ਉੱਜੜ ਕੇ ਸਾਊਥਾਲ ਆ ਕੇ ਵਸਿਆ ਸੀ। ਆਪ ਦਾ ਜਨਮ 26 ਫਰਵਰੀ, 1968 ਵਿੱਚ ਨੈਰੋਬੀ ਸ਼ਹਿਰ ਵਿੱਚ ਹੋਇਆ ਸੀ। ਆਪ ਨੇ ਸਕੂਲੀ ਸਿੱਖਿਆ ਸਾਊਥਾਲ ਦੇ ਡੌਰਮਜ਼ ਵੈਲਜ਼ ਕੰਪਰੀਹੈਂਸਿਵ ਸਕੂਲ ਤੋਂ ਹਾਸਿਲ ਕੀਤੀ। ਔਕਸਫੋਰਡ ਯੂਨੀਵਰਸਿਟੀ ਤੋਂ ਬੈਚਲਰ ਆਫ ਆਰਟਸ ਅਤੇ ਬੈਚਲਰ ਆਫ ਸਿਵਲ ਲਾਅ ਡਿਗਰੀਆਂ ਪਹਿਲੀਆਂ ਪੋਜ਼ੀਸ਼ਨਾਂ ਵਿੱਚ ਪਾਸ ਕਰਨ ਉਪਰੰਤ ਆਪ ਗਰੇਅ ਇੰਨ ਦੇ ਸੀਨੀਅਰ ਸਕਾਲਰ ਬਣ ਗਏ। ਆਪ ਨੇ ਔਕਸਫੋਰਡ ਯੂਨੀਵਰਸਿਟੀ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਵਿੱਚ ਕਾਨੂੰਨ ਦਾ ਵਿਸ਼ਾ ਪੜ੍ਹਾਇਆ। ਸੰਨ 1991 ਵਿੱਚ ਸ. ਸੈਣੀ ਨੂੰ ਬਾਰ ਲਈ ਬੁਲਾ ਲਿਆ ਗਿਆ ਅਤੇ ਆਪ ਨੇ ਹੇਅਰ ਕੋਰਟ ਦੇ ਬਲੈਕਸਟੋਨ ਚੈਂਬਰਾਂ ਵਿੱਚ ਪ੍ਰੈਕਟਿਸ ਕੀਤੀ। ਇੱਥੇ ਆਪ ਕਮਰਸ਼ਲ ਲਾਅ, ਪਬਲਿਕ ਲਾਅ ਅਤੇ ਹਿਊਮਨ ਰਾਈਟਸ ਦੇ ਮਾਹਰ ਵਕੀਲ ਸਨ। ਪੁਸ਼ਪਿੰਦਰ ਸਿੰਘ ਸੈਣੀ ਨੂੰ ਸਾਲ 2008 ਵਿੱਚ ਕੁਇੰਨਜ਼ ਕੌਂਸਲ ਵਿੱਚ, 2014 ਵਿੱਚ ਬੈਚਲਰ ਆਫ਼ ਗਰੇਅਜ਼ ਇੰਨ ਅਤੇ 2017 ਵਿੱਚ ਡਿਪਟੀ ਹਾਈਕੋਰਟ ਜੱਜ ਨਿਯੁਕਤ ਕੀਤਾ ਗਿਆ। 2019 ਵਿੱਚ ਜੱਜ ਦੀ ਚੋਣ ਸਮੇਂ ਸਖ਼ਤ ਮੁਕਾਬਲੇ ਵਿੱਚ ਆਪ ਸਮੇਤ 64 ਤਜਰਬੇਕਾਰ ਤੇ ਉੱਚ-ਸਿੱਖਿਆ ਪ੍ਰਾਪਤ ਵਕੀਲਾਂ ਨੇ ਇਸ ਅਹੁਦੇ ਲਈ ਅਪਲਾਈ ਕੀਤਾ ਸੀ। ਇਨ੍ਹਾਂ ਵਿੱਚੋਂ ਪੁਸ਼ਪਿੰਦਰ ਸਿੰਘ ਸੈਣੀ ਜਿਹੇ ਸਿਆਣੇ ਜੱਜ ਦੀ ਨਿਯੁਕਤੀ ਹੋਣਾ ਵਿਸ਼ਵਭਰ ਦੇ ਪੰਜਾਬੀ ਸਿੱਖਾਂ ਅਤੇ ਵਿਸ਼ੇਸ਼ ਕਰ ਕੇ ਸੈਣੀ ਬਰਾਦਰੀ ਦੇ ਲੋਕਾਂ ਲਈ ਬਹੁਤ ਮਾਣ ਦੀ ਗੱਲ ਹੈ।



ਜਸਟਿਸ ਸੈਣੀ ਨੇ 1996 ਵਿੱਚ ਗੈਮਾ ਵ੍ਹਾਈਟ ਨਾਲ ਵਿਆਹ ਕਰਵਾਇਆ ਜਿਸ ਤੋਂ ਉਸ ਦੇ ਇਕ ਪੁੱਤਰ ਅਤੇ ਇੱਕ ਪੁੱਤਰੀ ਹੈ।

( ਇੰਟਰਨੈਟ ਤੋਂ ਲਿਆ ਗਿਆ)



# ਆਜ਼ਾਦੀ ਦਾ ਨਿੱਘ ਸਾਰੀ ਵਸੋਂ ਮਾਣੇ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਦੇਸ਼ ਨੂੰ ਆਜ਼ਾਦ ਹੋਇਆ, 77 ਵਰ੍ਹੇ ਹੋ ਗਏ ਹਨ ਪਰ ਅਸੀਂ ਆਪਣੇ ਮਨੁੱਖੀ ਵਸੀਲੇ ਵਿਕਸਤ ਨਹੀਂ ਕਰ ਸਕੇ ਹਾਂ। ਆਜ਼ਾਦੀ ਦਿਵਸ ਹਰ ਵਰ੍ਹੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਆਜ਼ਾਦੀ ਦਾ ਨਿੱਘ ਸਾਰੀ ਵਸੋਂ ਮਾਣ ਸਕੇ, ਇਸ ਪਾਸੇ ਕੋਈ ਠੋਸ ਪ੍ਰੋਗਰਾਮ ਨਹੀਂ ਉਲੀਕੇ ਜਾਂਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ 77 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਵਸੋਂ ਅਜਿਹੀ ਹੈ ਜਿਸ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਉਸ ਦਾ ਆਪਣਾ ਘਰ ਨਹੀਂ। ਉਹ ਵਿੱਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਅਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿੱਚ ਰਹਿੰਦੀ ਹੈ। ਹੁਣ ਵੀ ਸਰਕਾਰ 80 ਕਰੋੜ ਲੋਕਾਂ ਦਾ ਢਿੱਡ ਭਰਨ ਲਈ ਮੁਫ਼ਤ ਰਾਸ਼ਨ ਦੇ ਰਹੀ ਹੈ।

ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਗਈ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਇਸ ਨੂੰ ਪ੍ਰਫੁੱਲਤ ਕਰਨ ਵਿੱਚ ਨੇਤਾ ਮੋਹਰੀ ਹਨ। ਦੇਸ਼ ਲੋਕਰਾਜ ਦੀ ਥਾਂ ਵੋਟਰਾਜ ਬਣ ਰਿਹਾ ਹੈ। ਚੋਣਾਂ ਵਿੱਚ ਵੋਟ ਪ੍ਰਾਪਤੀ ਲਈ ਬੇਤਹਾਸ਼ਾ ਖਰਚ ਕੀਤਾ ਜਾਂਦਾ ਹੈ। ਇਸ ਖਰਚੇ ਦੀ ਭਰਪਾਈ ਲਈ ਗਲਤ ਢੰਗਾਂ ਨਾਲ ਪੈਸਾ ਇਕੱਠਾ ਕੀਤਾ ਜਾਂਦਾ ਹੈ। ਅਸਲ ਵਿੱਚ ਦੇਸ਼ ਨੂੰ ਕੁੱਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫ਼ਸਰਸ਼ਾਹੀ ਨੇ ਆਪਣੇ ਖਰਚੇ ਇਤਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਨੂੰ ਘਟਾਉਣ ਲਈ ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਦਾ ਸੁਫ਼ਨਾ ਹੈ ਕਿ ਭਾਰਤ ਨੂੰ ਵਿਕਸਤ ਦੇਸ਼ ਬਣਾਇਆ ਜਾਵੇ। ਇਸ ਬਾਰੇ ਉਨ੍ਹਾਂ ਪਿਛਲੇ ਆਜ਼ਾਦੀ ਦਿਨ ਮੌਕੇ ਲਾਲ ਕਿਲੇ ਤੋਂ ਐਲਾਨ ਕੀਤਾ ਸੀ। ਇਹ ਟੀਚਾ ਉਨ੍ਹਾਂ ਨੇ ਆਜ਼ਾਦੀ ਦੀ ਸੌਵੀਂ ਵਰ੍ਹੇ ਗੰਢ ਤੱਕ ਪੂਰਾ ਕਰਨ ਦਾ ਵਾਅਦਾ ਕੀਤਾ ਹੈ। ਉਦੋਂ ਤੱਕ ਆਪਣੀ ਸਰਕਾਰ ਬਣਾਈ ਰੱਖਣ ਦਾ ਯਤਨ ਹੋ ਰਿਹਾ ਹੈ ਪਰ ਇਸ ਵਾਰ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਨੂੰ ਲੋਕਾਂ ਨੇ ਜਿਹੜਾ ਝਟਕਾ ਦਿੱਤਾ ਹੈ, ਉਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੇਸ਼ ਵਿੱਚ ਲੋਕਰਾਜ ਹੈ ਤੇ ਲੋਕਰਾਜ ਦੀ ਸਫ਼ਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਪਰ ਸੱਤਾ ਧਿਰ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਹੀ ਨਹੀਂ ਬਲਕਿ ਖ਼ਤਮ ਕਰਨ ਦਾ ਯਤਨ ਕਰ ਰਹੀ ਹੈ।

ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਸਾਫ਼ ਸੁਥਰਾ ਤੇ ਸੁੰਦਰ ਬਣਾਉਣ ਦਾ ਸੁਫ਼ਨਾ ਦੇਖਿਆ ਹੈ। ਇਸ ਲਈ 'ਸਵੱਛ ਭਾਰਤ' ਮੁਹਿੰਮ ਚਲਾਈ ਗਈ ਜਿਸ ਦੇ ਨਤੀਜੇ ਸਾਹਮਣੇ ਹਨ। ਉਹ ਚਾਹੁੰਦੇ ਹਨ ਕਿ ਸੜਕਾਂ, ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਵਧੀਆ ਹੋਣ। ਉਹ ਜਾਣਦੇ ਹਨ ਕਿ ਸਰਕਾਰ ਕੋਲ ਇਤਨੇ ਵਸੀਲੇ ਨਹੀਂ ਹਨ। ਇਸ ਕਰ ਕੇ ਇਹ ਸਭ ਕੁੱਝ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਉਹ ਸਮਝਦੇ ਹਨ ਕਿ ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਕਰਨ। ਲੋਕਾਂ ਨੂੰ ਸੜਕਾਂ ਉੱਤੇ ਸਫ਼ਰ ਲਈ ਫ਼ੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਪ੍ਰਾਈਵੇਟ ਖੇਤਰ ਵਿੱਚ ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਹੌਸਲਾ ਦੇਸ਼ ਦੀ ਅੱਧੀ ਵਸੋਂ ਕੋਲ ਨਹੀਂ ਹੈ। ਇੰਝ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਰਿਹਾ ਹੈ। ਇੱਕ ਗਰੀਬਾਂ ਦਾ ਭਾਰਤ ਤੇ ਦੂਜਾ ਅਮੀਰਾਂ ਦਾ ਇੰਡੀਆ। ਇਹ ਪਾੜਾ ਘੱਟ ਹੋਣ ਦੀ ਥਾਂ ਵਧ ਰਿਹਾ ਹੈ ਜਿਸ ਨਾਲ ਬੇਰੁਜ਼ਗਾਰੀ ਤੇ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ। ਪ੍ਰਾਈਵੇਟ ਕੰਪਨੀਆਂ ਦਾ ਮੰਤਵ ਲੋਕ ਸੇਵਾ ਨਹੀਂ, ਕਮਾਈ ਕਰਨਾ ਹੁੰਦਾ ਹੈ। ਪਹਿਲਾਂ ਵੀ ਗੈਰਸਰਕਾਰੀ ਸਕੂਲ ਤੇ ਹਸਪਤਾਲ ਹੁੰਦੇ ਸਨ ਪਰ ਇਹ ਲੋਕਾਂ ਵਲੋਂ ਇਕੱਠੇ ਹੋ ਕੇ ਉਨ੍ਹਾਂ ਥਾਵਾਂ 'ਤੇ ਬਣਾਏ ਜਾਂਦੇ ਸਨ ਜਿੱਥੇ ਸਰਕਾਰੀ ਸਹੂਲਤਾਂ ਨਹੀਂ ਸਨ, ਇਨ੍ਹਾਂ ਦੀ ਫੀਸ ਸਰਕਾਰੀ ਅਦਾਰਿਆਂ ਵਾਂਗ ਹੀ ਹੁੰਦੀ ਸੀ ਤੇ ਮਿਸ਼ਨ ਲੋਕਸੇਵਾ ਹੁੰਦਾ ਸੀ।

ਦਰਅਸਲ, ਸਰਕਾਰ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਉਂਦੀ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕੀ ਪ੍ਰਨਾਲੀ ਦੇ ਨੁਕਸ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿੱਚੋਂ ਇਨ੍ਹਾਂ ਦੀ ਘਾਟ ਕਿਸੇ ਹੱਦ ਤੱਕ ਪੂਰੀ ਕੀਤੀ ਜਾ ਸਕਦੀ ਹੈ। ਜਦੋਂ ਤੱਕ ਦੇਸ਼ ਵਿੱਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ, ਉਦੋਂ ਤੱਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਤੱਕ ਨਹੀਂ ਪਹੁੰਚ ਸਕਦਾ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ

ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਲੈ ਸਕਦੇ ਹਾਂ। ਘਰੇਲੂ ਉਤਪਾਦ, ਆਪਸੀ ਸਾਂਝ, ਆਰਥਿਕ ਆਜ਼ਾਦੀ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੋਗੀ ਸਨਅਤ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇਉਂ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ ਅਤੇ ਦੇਸ਼ ਦੀ ਗਰੀਬ ਵਸੋਂ ਦਾ ਆਰਥਿਕ ਵਿਕਾਸ ਕੀਤਾ ਜਾ ਸਕਦਾ ਹੈ। ਭਾਰਤ ਦੇ ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ।

ਭਾਰਤ ਪਿੰਡਾਂ ਵਿੱਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰਮੰਦ ਬਣਾ ਕੇ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇਉਂ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਕਰਨੀ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਵਿਕਾਸ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਇਨ੍ਹਾਂ ਨੂੰ ਖਾ ਰਿਹਾ ਹੈ। ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ। ਕਿਸਾਨ ਗਰੀਬੀ ਭੋਗ ਰਹੇ ਹਨ ਪਰ ਕੋਈ ਰਾਹ ਨਾ ਹੋਣ ਕਰ ਕੇ ਮਜ਼ਬੂਰੀ ਨੂੰ ਖੇਤੀ ਕਰ ਰਹੇ ਹਨ। ਦੇਸ਼ ਨੂੰ ਨਵੀਂ ਖੇਤੀ ਨੀਤੀ ਦੀ ਲੋੜ ਹੈ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਮੰਡੀ ਵਿੱਚ ਉਨ੍ਹਾਂ ਦੀ ਹੋ ਰਹੀ ਲੁੱਟ ਰੋਕੀ ਜਾ ਸਕੇ।

ਦੇਸ਼ ਵਿੱਚ ਅਬਾਦੀ ਦਾ ਵਾਧਾ ਰੋਕਣ ਦੇ ਵੀ ਗੰਭੀਰ ਯਤਨਾਂ ਦੀ ਲੋੜ ਹੈ। ਇਸ ਸਮੇਂ ਦੇਸ਼ ਵਿੱਚ ਸਾਰੀ ਵਸੋਂ ਨੂੰ ਸੰਤੁਲਿਤ ਭੋਜਨ ਹੀ ਪ੍ਰਾਪਤ ਨਹੀਂ ਹੁੰਦਾ। ਹੋਰ ਤਾਂ ਹੋਰ, ਪੀਣ ਲਈ ਸੁੱਧ ਪਾਣੀ ਵੀ ਨਸੀਬ ਨਹੀਂ ਹੈ। ਪਾਣੀ ਦੀ ਸਾਂਭ-ਸੰਭਾਲ ਲਈ ਵੀ ਸਮੁੱਚੇ ਦੇਸ਼ ਲਈ ਯੋਜਨਾ ਬਣਾਉਣ ਦੀ ਲੋੜ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਦੁਨੀਆਂ ਦਾ ਪੰਜਵਾਂ ਅਰਥਚਾਰਾ ਬਣ ਗਿਆ ਹੈ ਪਰ ਇਸ ਦਾ ਨਿੱਘ ਬਹੁਗਿਣਤੀ ਵਸੋਂ ਤੋਂ ਦੂਰ ਹੋ ਰਿਹਾ ਹੈ। ਵੱਡੇ ਸੁਫ਼ਨੇ ਦੇਖਣਾ ਗ਼ਲਤ ਨਹੀਂ ਪਰ ਆਪਣੇ ਹਾਲਾਤ ਨੂੰ ਦੇਖ ਕੇ ਅਜਿਹੇ ਸੁਫ਼ਨੇ ਦੇਖਣੇ ਚਾਹੀਦੇ ਹਨ ਜਿਸ ਨਾਲ ਦੇਸ਼ ਵਿੱਚੋਂ ਗਰੀਬੀ, ਅਨਪੜ੍ਹਤਾ ਤੇ ਭ੍ਰਿਸ਼ਟਾਚਾਰ ਖ਼ਤਮ ਹੋ ਸਕੇ ਅਤੇ ਆਜ਼ਾਦੀ ਦਾ ਨਿੱਘ ਦੇਸ਼ ਦੀ ਸਾਰੀ ਵਸੋਂ ਮਾਣ ਸਕੇ। ( ਫੋਨ-94170-87328)

ਹਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਜਿੰਦਗੀ ਦੀਆਂ ਮਾਣਮੱਤੀਆਂ
ਉਠੋ ਜਗਾ ਦਿਓ ਮੋਮਬੱਤੀਆਂ (ਪਾਤਰ)



**New Five Year Member of Saini Sansar**

Continued from Page 7 of 52th Issue

Compiled by
Jagdev Singh

1155. **S. Jaswinder Singh**
# 1235, Sector 34-C, Chandigarh

1156. **S. Rajinder Singh**
VPO Sohara, Teh. Kharar, Mohali

1157. **S. Hardip Singh**
#238, Gobind Valley, Ropar

1158. **Sh. Gurcharan Singh**
Vill. Katli, Distt. Ropar

1159 **S. Gurcharan Singh**
#12B-5304, Jujhar Singh Nagar, Ropar

1160. **S. Sadhu Singh**
#85, Gillco Valley, Ropar

1161. **S. Sanjay Saini**
Near J.R. Theatre, Chd. Road, Ropar

1162. **S. Rajinder Singh Mundra**
Haveli Kalan, Ropar

1163. **S. Raghbir Singh**
VPO Phoolpur Grewal, Ropar

1164. **S. Jasvir Singh**
VPO Lassara

1165 **S. Bhupinder Singh**
Hargobind Nagar, Ropar

1166. **S. Tajinder Singh**
# 101, Sutluj Colony, Ropar

1167. **S. Sukhwinder Singh**
Singma City, Lohgarh, Zirakpur

1168. **Er. Sukhvinder Singh**
# 1940/8, Preet Colony, Ropar


1169. **S. Amritpal Singh**
# 181, Gillco Valley, Ropra

1170 **S. Surinder Singh Saini**
Vill. Chhoti Haveli, Ropar

1171 **S. Satwant Singh, Advocate**
# 6, Guru Teg Bahadur Nagar, Ropar

1172. **S. Harbans Singh**
# 36, Malhotra Colony, Ropar

1173. **S. Sarbjit Singh**
Vill. Hussainpur, Distt. Ropar



## ਦੁੱਧ ਨਾਲ ਪੁੱਤ ਪਾਲ ਕੇ...

ਗੁਰਬਿੰਦਰ ਸਿੰਘ ਮਾਣਕ
9815356086

ਮਨੁੱਖੀ ਜ਼ਿੰਦਗੀ ਦੇ ਤਿੰਨ ਮਹੱਤਵਪੂਰਨ ਪੜਾਅ ਮੰਨੇ ਜਾਂਦੇ ਹਨ; ਬਚਪਨ, ਜਵਾਨੀ ਤੇ ਬੁਢਾਪਾ। ਇਨ੍ਹਾਂ ਵਿੱਚ ਹੀ ਮਨੁੱਖੀ ਜੀਵਨ ਦੇ ਸਾਰੇ ਕਾਰ-ਵਿਹਾਰ, ਮਾਣਮੱਤੀਆਂ ਪ੍ਰਾਪਤੀਆਂ, ਘਾਟੇ-ਵਾਧੇ, ਹਾਰਾਂ-ਜਿੱਤਾਂ ਦੀ ਕਹਾਣੀ ਛੁਪੀ ਹੋਈ ਹੁੰਦੀ ਹੈ। ਬਚਪਨ ਦੀਆਂ ਮੌਜਾਂ ਤਾਂ ਲੱਭਿਆਂ ਨਹੀਂ ਲੱਭਦੀਆਂ। ਇਹ ਬੇਪਰਵਾਹ ਤੇ ਬਾਦਸ਼ਾਹੀ ਜੀਵਨ ਹੁੰਦਾ ਹੈ। ਮਾਪਿਆਂ ਦੇ ਘਰ ਦੇ ਹੋਰ ਵੱਡਿਆਂ ਦੀ ਆਗੋਸ਼ ਦਾ ਨਿੱਘ ਮਾਣਦਾ ਬਾਲ ਰੱਜਵਾਂ ਪਿਆਰ ਤਾਂ ਪਾਉਂਦਾ ਹੀ ਹੈ, ਸਗੋਂ ਉਹਦੀਆਂ ਮਨਆਈਆਂ ਅੱਗੇ ਵੀ ਕਈ ਵਾਰ ਪਰਿਵਾਰ ਨੂੰ ਝੁਕਣਾ ਪੈਂਦਾ ਹੈ। ਜੇ ਕਿਤੇ ਬਦਕਿਸਮਤੀ ਨਾਲ ਬੱਚੇ ਦੇ ਸਿਰੋਂ ਮਾਪਿਆਂ ਦਾ ਸਾਇਆ ਉੱਠ ਜਾਵੇ ਤਾਂ, ਇਸ ਤੋਂ ਬੁਰਾ ਕੋਈ ਬਚਪਨ ਨਹੀਂ ਹੁੰਦਾ। ਮਾਪਿਆਂ ਦੀ ਅਣਹੋਂਦ ਵਿੱਚ ਮਨ ਦੇ ਸਭ ਚਾਅ-ਮਲਾਰ ਸਰਾਪੇ ਜਾਂਦੇ ਹਨ ਤੇ ਅਣਭੋਲ ਬੱਚੇ ਦੇ ਮਨ ਵਿੱਚ ਅਜਿਹੀਆਂ ਕਈ ਮਾਨਸਿਕ ਗੰਢਾਂ ਬਣ ਜਾਂਦੀਆਂ ਹਨ, ਜੋ ਜੀਵਨ ਭਰ ਉਸ ਦੇ ਨਾਲ ਹੀ ਰਹਿੰਦੀਆਂ ਹਨ।

ਹਰ ਮਾਂ-ਬਾਪ ਆਪਣੇ ਬੱਚੇ ਦੀ ਪਾਲਣਾ ਵਿੱਚ, ਆਪਣੀ ਸਮਰੱਥਾ ਅਨੁਸਾਰ ਕੋਈ ਕਸਰ ਨਹੀਂ ਛੱਡਦਾ। ਆਪ ਤੰਗੀਆਂ-ਤੁਰਸੀਆਂ ਦਾ ਜੀਵਨ ਹੰਢਾਅ ਕੇ ਤੇ ਔਖੇ ਹੋ ਕੇ ਵੀ ਮਾਪੇ ਆਪਣੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਦੇ ਆਪਣਾ ਜੀਵਨ ਕੁਰਬਾਨ ਕਰ ਦਿੰਦੇ ਹਨ। ਜੇ ਮਾਂ ਆਪਣੇ ਬੱਚਿਆਂ ਦੀ ਪਾਲਣਾ, ਸਾਂਭ-ਸੰਭਾਲ ਕਰਦਿਆਂ ਦਿਨ-ਰਾਤ ਇੱਕ ਕਰੀ ਰੱਖਦੀ ਹੈ ਤਾਂ, ਬਾਪ ਵੀ ਆਪਣੇ ਬੱਚਿਆਂ ਦੇ ਉੱਜਲੇ ਭਵਿੱਖ ਦੇ ਸੁਪਨੇ ਸਿਰਜਦਾ, ਮਿਹਨਤ ਮੁਸ਼ੱਕਤ ਦੇ ਰਾਹ ਪਿਆ ਆਪਣੇ ਸੁੱਖ-ਆਰਾਮ ਨੂੰ ਤਿਆਗ ਕੇ, ਹਰ ਪਲ ਇਹੀ ਸੋਚਦਾ ਹੈ ਕਿ ਉਸ ਦੇ ਬੱਚੇ ਜੀਵਨ ਵਿੱਚ ਵੱਡੇ ਨਾਮਣੇ ਖੱਟਣ। ਇੱਕ ਮਾਂ-ਬਾਪ ਦਾ ਹੀ ਸ਼ਾਇਦ ਅਜਿਹਾ ਰਿਸ਼ਤਾ ਹੈ, ਜੋ ਸੱਚੇ ਦਿਲੋਂ ਤੇ ਨਿਰਸਵਾਰਥ ਭਾਵਨਾ ਨਾਲ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ, ਉਨ੍ਹਾਂ ਤੋਂ ਵੀ ਵੱਡੀਆਂ ਪੁਲਾਂਘਾਂ ਪੁੱਟ ਕੇ, ਜੀਵਨ ਵਿੱਚ ਕਾਮਯਾਬੀਆਂ ਹਾਸਿਲ ਕਰਨ।

ਮਾਂ-ਬਾਪ, ਭਾਵੇਂ ਅਮੀਰ ਹੋਣ ਜਾਂ ਗਰੀਬ, ਪੜ੍ਹੇ-ਲਿਖੇ ਹੋਣ ਜਾਂ ਅਨਪੜ੍ਹ, ਪੇਂਡੂ ਹੋਣ ਜਾਂ ਸ਼ਹਿਰੀ ਤਾਂ ਵੀ ਹਰ ਮਾਪਾ ਮਨ ਵਿੱਚ ਆਪਣੇ ਬੱਚਿਆਂ ਪ੍ਰਤਿ ਅਜਿਹਾ ਸੁਪਨਾ ਜ਼ਰੂਰ ਪਾਲਦਾ ਹੈ ਕਿ ਉਸ ਦੇ ਬੱਚੇ, ਸਮੇਂ ਦੀਆਂ ਲੋੜਾਂ ਅਨੁਸਾਰ, ਸਫਲਤਾ ਹਾਸਿਲ ਕਰਕੇ, ਸਾਡੇ ਨਾਲੋਂ ਬਿਹਤਰ ਜ਼ਿੰਦਗੀ ਜਿਉਣ ਦੇ ਕਾਬਲ ਹੋ ਜਾਣ। ਹਰ ਮਾਂ-ਬਾਪ ਇਹ ਸੋਚਦਾ ਹੈ ਕਿ ਸਾਡੇ ਬੱਚੇ ਉੱਚੀ ਸਿੱਖਿਆ ਪ੍ਰਾਪਤ ਕਰ ਕੇ, ਕਿਸੇ ਅਹੁਦੇ 'ਤੇ ਪਹੁੰਚ ਕੇ, ਜੀਵਨ ਦੀਆਂ ਦੁਸ਼ਵਾਰੀਆਂ ਤੋਂ ਮੁਕਤ ਹੋ ਜਾਣ। ਅਨੇਕਾਂ ਮਾਪੇ ਹਨ, ਜਿਹੜੇ ਖ਼ੂਨ-ਪਸੀਨੇ ਦੀ ਕਿਰਤ ਕਰਦੇ, ਆਪਣੇ ਬੱਚਿਆਂ ਦੀ ਜ਼ਿੰਦਗੀ ਬਣਾਉਣ ਲਈ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੰਦੇ ਹਨ। ਮਾਪਿਆਂ ਦੀ ਖੁਸ਼ੀ ਇਸ ਵਿੱਚ ਹੀ ਹੁੰਦੀ ਹੈ ਕਿ ਸਾਡੇ ਬੱਚੇ ਜੀਵਨ ਦੇ ਮਾਰਗ 'ਤੇ ਤੁਰਦਿਆਂ, ਅਜਿਹੀ ਸਫਲਤਾ ਪ੍ਰਾਪਤ ਕਰਨ ਕਿ ਉਨ੍ਹਾਂ ਦਾ ਸਿਰ ਵੀ ਮਾਣ ਨਾਲ ਉੱਚਾ ਹੋ ਜਾਵੇ। ਆਪ ਰੁੱਖੀ-ਸੁੱਖੀ ਖਾ ਕੇ ਵੀ ਮਾਪੇ ਆਪਣੇ ਬੱਚਿਆਂ ਨੂੰ ਚੰਗਾ ਭੋਜਨ ਮੁਹੱਈਆ ਕਰਾਉਣ ਦਾ ਯਤਨ ਕਰਦੇ ਹਨ। ਆਪੇ, ਅਧੋਰਾਣੇ ਕੱਪੜਿਆਂ ਵਿੱਚ ਗੁਜ਼ਾਰਾ ਕਰ ਕੇ ਵੀ ਆਪਣੇ ਬੱਚਿਆਂ ਦੀ ਸਮੇਂ ਦੇ ਅਨੁਸਾਰ ਹਰ ਰੀਝ ਪੂਰੀ ਕਰਨ ਦਾ ਹਰ ਹੀਲੇ ਜੁਗਾੜ ਕਰਦੇ ਹਨ।

ਜਵਾਨ ਹੁੰਦੇ ਬੱਚਿਆਂ ਨੂੰ ਤੱਕਦੇ ਮਾਪੇ, ਖੁਸ਼ੀ ਵਿੱਚ ਖੀਵੇ ਹੋਈ ਜਾਂਦੇ ਹਨ। ਜ਼ਿੰਦਗੀ ਦੇ ਰਾਹਾਂ 'ਤੇ ਕਦਮ-ਦਰ ਕਦਮ, ਆਪਣੇ ਬੱਚਿਆਂ ਨੂੰ ਅੱਗੇ ਵਧਦਿਆਂ ਦੇਖ, ਮਾਪੇ ਕੁਦਰਤ ਦਾ ਹਜ਼ਾਰ ਵਾਰ ਸ਼ੁਕਰਾਨਾ ਕਰਦੇ, ਆਪਣੀ ਸਖਤ ਮਿਹਨਤ ਤੇ ਵਹਾਏ ਪਸੀਨੇ ਨੂੰ ਵੀ ਭੁੱਲ ਜਾਂਦੇ ਹਨ। ਜੇ ਬੱਚਾ ਕੋਈ ਵੱਡੀ ਪ੍ਰਾਪਤੀ ਕਰ ਲਏ ਤਾਂ ਮਾਪਿਆਂ ਤੋਂ ਖੁਸ਼ੀ ਸਾਂਭੀ ਨਹੀਂ ਜਾਂਦੀ। ਉਨ੍ਹਾਂ ਨੂੰ ਇਹੀ ਜਾਪਦਾ ਹੈ ਕਿ ਉਨ੍ਹਾਂ ਦੀ ਮਿਹਨਤ ਅਜਾਈਂ ਨਹੀਂ ਗਈ। ਮਾਪਿਆਂ ਨੂੰ ਜ਼ਿੰਦਗੀ ਵਿੱਚ ਝੱਲੀਆਂ ਸਭ ਪਰੇਸ਼ਾਨੀਆਂ ਤੇ ਹੋਰ ਦੁੱਖਾਂ-ਦਰਦਾਂ ਦੀ ਅਸਹਿ ਪੀੜ ਵੀ ਉਦੋਂ ਉਡ-ਪੁਡ ਜਾਂਦੀ ਹੈ, ਜਦੋਂ ਉਹ ਆਪਣੇ ਬੱਚੇ ਨੂੰ ਕਿਸੇ ਮੁਕਾਮ 'ਤੇ ਪਹੁੰਚਿਆ ਦੇਖਦੇ ਹਨ।

ਬੁਢਾਪਾ ਜ਼ਿੰਦਗੀ ਦਾ ਆਖਰੀ ਪਹਿਰ ਹੁੰਦਾ ਹੈ। ਹਰ ਮਨੁੱਖ ਨੇ ਹੀ ਇੱਕ ਨਾ ਇੱਕ ਦਿਨ ਇਸ ਵਿੱਚੋਂ ਗੁਜ਼ਰਨਾ ਹੈ। ਉਮਰ ਦੇ ਬੀਤਣ ਨਾਲ ਕਈ ਤਰ੍ਹਾਂ ਦੇ ਸਰੀਰਿਕ ਤੇ ਮਾਨਸਿਕ ਕਸ਼ਟ ਮਨੁੱਖ ਨੂੰ ਆ ਘੇਰਦੇ ਹਨ। ਭਾਵੇਂ ਕੋਈ ਨੌਕਰੀ ਕਰਦਾ ਹੋਵੇ ਤੇ ਭਾਵੇਂ ਰੋਜ਼ੀ-ਰੋਟੀ ਲਈ ਕੋਈ ਹੋਰ ਧੰਦਾ, ਉਮਰ ਦੇ ਇੱਕ ਪੜਾਅ 'ਤੇ ਆ ਕੇ ਸਰੀਰਕ ਸਮਰੱਥਾ ਜਵਾਬ ਦੇ ਜਾਂਦੀ ਹੈ। ਹਰ ਇੱਕ ਦਾ ਮਨ ਕਰਦਾ ਹੈ ਕਿ ਹੁਣ ਆਰਾਮ ਕੀਤਾ ਜਾਵੇ। ਜੇਕਰ ਆਰਥਿਕ ਤੌਰ 'ਤੇ ਸਥਿਤੀ ਸੁਖਾਵੀਂ ਹੋਵੇ ਤਾਂ ਮਨੁੱਖ ਮਾਨਸਿਕ ਰੂਪ ਵਿੱਚ ਕੁੱਝ ਸੰਤੁਸ਼ਟੀ ਅਨੁਭਵ ਕਰਦਾ ਹੈ। ਪਰ ਇਸ ਉਮਰ ਵਿੱਚ ਪੈਸੇ ਨਾਲੋਂ ਵੀ ਵੱਧ ਲੋੜ ਘਰ ਦੇ ਜੀਆਂ ਵਲੋਂ ਆਦਰ-ਮਾਣ ਨਾਲ ਸਾਂਭ-ਸੰਭਾਲ ਕਰਨ ਦੀ ਹੁੰਦੀ ਹੈ।

ਜੇ ਨੂੰਹਾਂ-ਪੁੱਤ, ਵਗੈਰ ਮੱਥੇ 'ਤੇ ਵੱਟ ਪਾਇਆਂ, ਖਿੜੇ ਮੱਥੇ, ਬੁੱਢੇ ਮਾਂ-ਬਾਪ ਪ੍ਰਤਿ ਆਪਣੇ ਫਰਜ਼ ਨਿਭਾਉਂਦੇ ਰਹਿਣ ਤਾਂ ਮਾਪਿਆਂ ਦੇ ਖਿੜੇ ਚਿਹਰਿਆਂ ਦਾ ਜਲੌਅ ਦੇਖਦਿਆਂ ਹੀ ਬਣਦਾ ਹੈ। ਇਸ ਉਮਰ ਵਿੱਚ ਪਹੁੰਚ ਕੇ ਕੋਈ ਨਾ ਕੋਈ ਰੋਗ, ਕਸ਼ਟ ਤੇ ਪੀੜ ਅਕਸਰ ਹੀ ਆ ਘੇਰਦੀ ਹੈ।

ਡਾਕਟਰੀ ਇਲਾਜ ਤੇ ਦਵਾਈ ਦੀ ਲੋੜ ਵੀ ਹੁੰਦੀ ਹੈ, ਪਰ ਇਸ ਨਾਲੋਂ ਵੀ ਕਿਤੇ ਵੱਧ ਜ਼ਰੂਰਤ ਬਜ਼ੁਰਗਾਂ ਕੋਲ ਕੁੱਝ ਪਲ ਬੈਠ ਕੇ, ਉਨ੍ਹਾਂ ਦਾ ਹਾਲਚਾਲ ਜਾਨਣ ਲਈ ਗੱਲਾਂ-ਬਾਤਾਂ ਕਰਨ ਦੀ ਹੁੰਦੀ ਹੈ। ਆਪਣੇ ਪੁੱਤਰ-ਨੂੰਹ, ਧੀ, ਪੋਤੇ-ਪੋਤੀਆਂ ਨਾਲ ਗੱਲਾਂ ਕਰ ਕੇ ਜਿਹੜਾ ਸਕੂਨ , ਸੰਤੁਸ਼ਟੀ ਤੇ ਖੁਸ਼ੀ ਮਾਪਿਆਂ ਨੂੰ ਪ੍ਰਾਪਤ ਹੁੰਦੀ ਹੈ, ਉਹ ਦੁਨੀਆਂ ਦੀ ਕਿਸੇ ਦਵਾਈ ਨਾਲ ਹਾਸਿਲ ਨਹੀਂ ਕੀਤੀ ਜਾ ਸਕਦੀ।

ਜਦੋਂ ਬੁਢਾਪੇ ਦੀ ਅਵਸਥਾ ਵਿੱਚ, ਲਾਚਾਰ ਤੇ ਬੇਵੱਸ ਮਾਪਿਆਂ ਨੂੰ ਆਪਣਿਆਂ ਵਲੋਂ ਹੀ ਦੁਰਕਾਰਨ ਦੀਆਂ ਸ਼ਰਮਸਾਰ ਕਰਦੀਆਂ ਖ਼ਬਰਾਂ ਪੜ੍ਹਦੇ-ਸੁਣਦੇ ਹਾਂ, ਤਾਂ ਮਨ ਵਲੂੰਧਰਿਆ ਜਾਂਦਾ ਹੈ। ਜੇ ਪੁੱਤਰ ਹੀ ਬੁਢਾਪੇ ਦੀ ਡੰਗੋਰੀ ਬਣਨ ਤੋਂ ਇਨਕਾਰੀ ਹੋ ਜਾਣ ਤਾਂ ਇਸ ਤੋਂ ਵੱਡਾ ਕੋਈ ਦਰਦ ਨਹੀਂ ਹੋ ਸਕਦਾ। ਜਿਹੜੇ ਮਾਪਿਆਂ ਨੇ ਸਾਰੀ ਉਮਰ ਆਪਣੇ ਬੱਚਿਆਂ ਲਈ ਆਪਾ ਨਿਛਾਵਰ ਕੀਤਾ ਹੁੰਦਾ ਹੈ, ਜਦੋਂ ਉਨ੍ਹਾਂ ਨੂੰ ਵੀ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ ਤਾਂ ਲਗਦਾ ਹੈ ਸਮਾਜ ਜਿਵੇਂ ਗਰਕਣ 'ਤੇ ਆ ਗਿਆ ਹੈ। ਸਮਾਜ ਵਿੱਚ ਬੁਢਾਪਾ-ਘਰਾਂ ਦੀ ਹੋਂਦ ਦਰਸਾਉਂਦੀ ਹੈ ਕਿ ਸਾਡੀ ਸੋਚ ਦਾ ਦਾਇਰਾ ਕਿੰਨਾਂ ਸੰਕੀਰਨ ਤੇ ਨਿੱਜ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਜੇ ਬਜ਼ੁਰਗ ਦੀ ਸਾਂਭ-ਸੰਭਾਲ ਕਰਨ ਵਾਲਾ ਘਰ ਵਿੱਚ ਕੋਈ ਨਹੀਂ, ਤਾਂ ਬਜ਼ੁਰਗ ਘਰ ਦੀ ਲੋੜ ਸਮਝ ਆਉਂਦੀ ਹੈ। ਪਰ ਆਪਣੇ ਪਰਿਵਾਰ ਦੇ ਹੁੰਦਿਆਂ-ਸੁੰਦਿਆਂ, ਜੇ ਕਿਸੇ ਬੁੱਢੇ ਮਾਂਬਾਪ ਨੂੰ ਇਨ੍ਹਾਂ ਥਾਵਾਂ 'ਤੇ ਰੁਲਣਾ ਪਏ ਤਾਂ ਇਸ ਤੋਂ ਵੱਡੀ ਨਮੋਸ਼ੀ ਹੋਰ ਕੀ ਹੋ ਸਕਦੀ ਹੈ। ਬਦਕਿਸਮਤ ਹੁੰਦੇ ਹਨ ਉਹ ਲੋਕ ਜਿਹੜੇ ਬੋਹੜਾਂ ਰੂਪੀ ਠੰਢੀਆਂ-ਮਿੱਠੀਆਂ ਛਾਵਾਂ ਜਿਹੇ ਪਾਲਣਹਾਰ ਮਾਪਿਆਂ ਦੀਆਂ ਹਰ ਸਾਹ ਨਾਲ ਮਿਲਦੀਆਂ ਮੋਹ-ਪਿਆਰ ਨਾਲ ਗੜੁੱਚੀਆਂ ਅਸੀਸਾਂ ਨੂੰ ਠੁਕਰਾ ਦਿੰਦੇ ਹਨ। ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜੇ ਨੂੰਹਾਂ, ਪੁੱਤਰ ਧੀਆਂ, ਰੱਬ-ਰੂਪੀ ਮਾਪਿਆਂ ਨੂੰ ਪਿਆ ਤੇ ਸਤਿਕਾਰ ਭਰੇ ਬੋਲਾਂ ਨਾਲ ਨਿਵਾਜਦੇ ਹਨ ਤਾਂ ਇਸ ਤੋਂ ਵੱਡਾ ਕੋਈ ਧਰਮ-ਕਰਮ ਨਹੀਂ ਹੋ ਸਕਦਾ।

ਕਿਸੇ ਮਾਪੇ ਦੇ ਮਰਨ ਉਪਰੰਤ ਲੰਗਰ ਲਾਉਣ, ਦਾਨ-ਪੁੰਨ ਕਰਨ ਤੇ ਹੋਰ ਲੋਕ-ਦਿਖਾਵੇ ਕਰਨ ਦੀ ਥਾਂ, ਜੇ ਜਿਉਂਦੇ ਮਾਪਿਆਂ ਦੀ ਸੇਵਾ-ਸੰਭਾਲ ਕਰ ਲਈ ਜਾਵੇ ਤਾਂ ਇਹ ਸਭ ਕੁੱਝ ਪੂਜਾ-ਪਾਠ, ਦਾਨ-ਪੁੰਨ, ਤੀਰਥਾਂ ਦੇ ਇਸ਼ਨਾਨ ਆਦਿ ਤੋਂ ਕਿਤੇ ਵੱਧ ਉੱਤਮ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਦੀ ਇੱਕ ਪਉੜੀ ਵਿੱਚ ਅਜਿਹਾ ਵਰਣਨ ਕਰ ਕੇ ਮਾਪਿਆਂ ਦੀ ਸੇਵਾ ਨੂੰ ਸਭ ਧਰਮਾਂ-ਕਰਮਾਂ ਤੋਂ ਉੱਪਰ ਦੱਸਿਆ ਹੈ-

' ਮਾਂ ਪਿਉ ਪਰਹਰਿ ਸੁਣੈ ਵੇਦੁ  
ਭੇਦੁ ਨ ਜਾਣੈ ਕਥਾ ਕਹਾਣੀ।।  
ਮਾਂ ਪਿਉ ਪਰਹਰਿ ਕਰੈ ਤਪੁ  
ਵਣਖੰਡਿ ਭੁਲਾ ਫਿਰੈ ਬਿਬਾਣੀ।।  
ਮਾਂ ਪਿਉ ਪਰਹਰਿ ਕਰੇ ਪੂਜ  
ਦੇਵੀ ਦੇਵ ਨ ਸੇਵ ਕਮਾਣੀ।।  
ਮਾਂ ਪਿਉ ਪਰਹਰਿ ਨ੍ਹਾਵਣ ਅਠਸਠਿ  
ਤੀਰਥ ਘੁੰਮਣ ਵਾਣੀ।।  
ਮਾਂ ਪਿਉ ਪਰਹਰਿ ਕਰੇ ਦਾਨ  
ਬੇਈਮਾਨ ਅਗਿਆਨ ਪਰਾਣੀ।।  
ਮਾਂ ਪਿਉ ਪਰਹਰਿ ਵਰਤ ਕਰਿ  
ਮਰਿ ਜੰਮੈ ਭਰਮ ਭੁਲਾਣੀ।।  
ਗੁਰੁ ਪਰਮੇਸਰੁ ਸਾਰੁ ਨ ਜਾਣੀ।।

ਅਕਸਰ ਕਿਹਾ ਜਾਂਦਾ ਹੈ ਕਿ ਮਾਪੇ ਉਮਰ ਨਾਲ ਏਨੇ ਬੁੱਢੇ ਨਹੀਂ ਹੁੰਦੇ, ਜਿੰਨੇ ਆਪਣੇ ਬੱਚਿਆਂ ਦੇ ਦੁਰ-ਵਿਵਹਾਰ ਬਾਰੇ ਸੋਚਦੇ ਬੁੱਢੇ ਜਾਪਣ ਲਗਦੇ ਹਨ। ਇਹ ਠੀਕ ਹੈ ਕਿ ਬੱਚਿਆਂ ਦੀ ਵੀ ਆਪਣੀ ਜ਼ਿੰਦਗੀ ਹੈ ਤੇ ਉਨ੍ਹਾਂ ਨੇ ਅਨੇਕਾਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ ਪਰ ਉਮਰਾਂ ਦੇ ਪੈਂਡਿਆਂ ਨਾਲ ਲਾਚਾਰ ਹੋਏ ਮਾਪਿਆਂ ਨੂੰ ਵਿਸਾਰ ਦੇਣਾ ਮਾਨਵੀ ਕਦਰਾਂ-ਕੀਮਤਾਂ ਨੂੰ ਪਿੱਠ ਦਿਖਾਉਣ ਦੇ ਤੁੱਲ ਹੈ। ਆਪਣੇ ਮਾਪਿਆਂ ਪ੍ਰਤਿ ਅਜਿਹਾ ਵਿਵਹਾਰ ਕਰ ਕੇ ਕੋਈ ਪਰਿਵਾਰ ਵੀ ਸੁੱਖ-ਚੈਨ ਤੇ ਖੁਸ਼ੀਆਂ ਹਾਸਿਲ ਨਹੀਂ ਕਰ ਸਕਦਾ। ਕਈ ਵਾਰ ਉਮਰ ਦੇ ਤਕਾਜ਼ੇ ਕਾਰਨ ਸੁਭਾਓ ਵਿੱਚ ਕੁੱਝ ਤਬਦੀਲੀ ਆ ਜਾਂਦੀ ਹੈ ਤੇ ਮਨੁੱਖ ਕਾਹਲਾ ਪੈ ਜਾਂਦਾ ਹੈ ਤੇ ਕੁੱਝ ਵੱਧ-ਘੱਟ ਵੀ ਬੋਲਿਆ ਜਾਂਦਾ ਹੈ। ਇਸ ਨੂੰ ਵੀ ਨਰਮੀ ਤੇ ਪਿਆਰ ਨਾਲ ਨਜਿੱਠਣ ਵਿੱਚ ਹੀ ਅਕਲਮੰਦੀ ਹੈ। ਬਜ਼ੁਰਗ ਤਾਂ 'ਕੰਧੀ ਉੱਤੇ ਰੁੱਖੜੇ' ਸਮਾਨ ਹੁੰਦੇ ਹਨ, ਉਨ੍ਹਾਂ ਦੇ ਸੁਭਾਓ ਵਿੱਚ ਹੁਣ ਤਬਦੀਲੀ ਦੀ ਆਸ ਨਾ ਕਰੀਏ, ਆਪਣੇ-ਆਪ ਨੂੰ ਹੀ ਉਨ੍ਹਾਂ ਅਨੁਸਾਰ ਢਾਲ ਲਈਏ। ਜੋ ਵੀ ਮਰਜੀ ਕਰ ਲਈਏ ਮਾਪਿਆਂ ਦਾ ਕਰਜ਼ ਉਤਾਰਿਆ ਨਹੀਂ ਜਾ ਸਕਦਾ, ਬਸ ਇਸ ਦਾ ਅਹਿਸਾਸ ਹੀ ਕੀਤਾ ਜਾ ਸਕਦਾ ਹੈ। ਜੇ ਬਜ਼ੁਰਗਾਂ ਪ੍ਰਤਿ ਆਪਣੇ ਫਰਜ਼ ਸੁਹਿਰਦਤਾ ਨਾਲ ਨਿਭਾਉਣ ਦੇ ਰਾਹ ਤੁਰ ਪਈਏ ਤਾਂ ਉਨ੍ਹਾਂ ਦੇ ਜਾਣ ਬਾਅਦ ਮਨੁੱਖ ਆਪਣੀ ਜ਼ਮੀਰ ਅੱਗੇ ਸ਼ਰਮਿੰਦਾ ਨਹੀਂ ਹੁੰਦਾ।

ਜੇ ਕੋਈ ਬੁੱਢੀ ਮਾਂ ਬੇਬਸ ਹੋਈ ਪਾਣੀ ਦੇ ਘੁੱਟ ਲਈ ਵੀ ਤਰਸਦੀ ਰਹੀ ਹੋਵੇ ਤਾਂ ਮੌਤ ਉਪਰੰਤ ਉਸ ਦੀ ਯਾਦ ਵਿੱਚ ਠੰਢੇ ਪਾਣੀ ਲਈ ਦਾਨ ਕੀਤੇ ਵਾਟਰਕੂਲਰ ਦਾ ਵੀ ਕੀ ਅਰਥ ਹੈ? ਮਾਪਿਆਂ ਵਲੋਂ ਮਿਲਦੀਆਂ ਅਸੀਸਾਂ ਦੀਆਂ ਠੰਢੀਆਂ ਛਾਵਾਂ ਨੂੰ ਧੱਕੇ ਨਾ ਮਾਰੀਏ। ਇਕ ਵਕਤ ਆਏਗਾ ਕਿ ਅਸੀਂ ਇਨ੍ਹਾਂ ਸੰਘਣੀਆਂ ਛਾਵਾਂ ਨੂੰ ਤਰਸ ਜਾਵਾਂਗੇ। ਇਕ ਗੀਤ ਦੀਆਂ ਇਹ ਸਤਰਾਂ ਇਸ ਤ੍ਰਾਸਦੀ ਨੂੰ ਪੂਰੀ ਭਾਵੁਕਤਾ ਨਾਲ ਬਿਆਨ ਕਰਦੀਆਂ ਹਨ:-

ਦੁੱਧ ਨਾਲ ਪੁੱਤ ਪਾਲ ਕੇ,  
ਪਿੱਛੋਂ ਪਾਣੀ ਨੂੰ ਤਰਸਦੀਆਂ ਮਾਵਾਂ।

❋ ❋ ❋ ❋ ❋

ਵਿਸ਼ਲੇਸ਼ਣਕਰਤਾ -
ਪ੍ਰੋ. ਸੰਧੂ ਵਰਿਆਣਵੀ
ਫਗਵਾੜਾ

## ਗ਼ਜ਼ਲ-ਸੰਗ੍ਰਹਿ-'ਔੜ ਤੇ ਬਰਸਾਤ'
## ਲੇਖਕ-ਗੁਰਦੀਪ ਸਿੰਘ ਸੈਣੀ, ਬੰਗਾ ਦਾ ਵਿਸ਼ਲੇਸ਼ਣ

ਗ਼ਜ਼ਲ-ਸੰਗ੍ਰਹਿ,'ਔੜ ਤੇ ਬਰਸਾਤ' ਦਾ ਸਰਵਰਕ ਬੰਜਰ ਧਰਤ 'ਚ ਪਈਆਂ ਦਰਾੜਾਂ ਅਤੇ ਕਿਤੇ ਕਿਤੇ ਬਰਸਾਤ ਦੀਆਂ ਕਣੀਆਂ ਇਨ੍ਹਾਂ ਦਰਾੜਾਂ ਨੂੰ ਭਰਨ ਦੇ ਲਈ ਯਤਨਸ਼ੀਲ ਹਨ। ਇਹ ਕਾਵਿਕ-ਬਿਰਤਾਂਤ ਸਿਰਜਦਿਆਂ ਔੜ ਅਤੇ ਬਰਸਾਤ ਸ਼ਬਦਾਂ ਨੂੰ ਸੈਣੀ ਹੁਰਾਂ ਨੇ ਆਪਣੇ ਸ਼ਿਅਰਾਂ ਵਿੱਚ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਔੜ ਨੂੰ ਸਾਧਾਰਨ ਸ਼ਬਦਾਂ ਵਿੱਚ ਪਾਣੀ ਦੀ ਤੋਟ ਵਜੋਂ ਲਿਆ ਜਾਂਦਾ ਹੈ। ਪਾਣੀ ਤੋਂ ਬਗੈਰ ਪ੍ਰਕਿਰਤੀ ਦਾ ਵਿਗਸਣਾ-ਮੌਲਣਾ ਅਸੰਭਵ ਹੈ। ਬਰਸਾਤ ਦਾ ਅਰਥ ਪਾਣੀ ਦਾ ਵਰਸਣਾ ਹੈ ਜੋ ਪ੍ਰਫੁੱਲਤਾ ਤੇ ਬਹੁਲਤਾ ਦਾ ਪ੍ਰਤੀਕ ਹੈ। ਪ੍ਰਕਿਰਤੀ ਦਾ ਮਨੁੱਖੀ ਜੀਵਨ ਨਾਲ ਸਿੱਧਾ ਸਬੰਧ ਹੈ, ਉੱਥੇ ਹੀ ਮਨੁੱਖੀ ਸਮਾਜ ਵਿੱਚ ਰਿਸ਼ਤਿਆਂ ਦਾ ਇਕ ਵੰਨ-ਸੁਵੰਨਾ ਸੰਸਾਰ ਹੈ। ਮਨੁੱਖੀ ਸਮਾਜ, ਕਦਰਾਂ-ਕੀਮਤਾਂ 'ਤੇ ਟਿਕਿਆ ਹੁੰਦਾ ਹੈ ਜਿਸ ਵਿੱਚ ਪ੍ਰਸਪਰ ਮੋਹ-ਪਿਆਰ, ਮਿਲਵਰਤਨ, ਦੁੱਖਾਂ-ਸੁੱਖਾਂ ਦੇ ਸਾਂਝੀਵਾਲ ਬਣਨ ਦੀ ਮਾਨਸਿਕ ਭੁੱਖ ਹੁੰਦੀ ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿੱਚ ਜਦੋਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਅਤੇ ਸੱਭਿਆਚਾਰਕ ਵਰਤਾਰਿਆਂ ਨੂੰ ਸ਼ਾਇਰੀ ਜਾਂ ਕਿਸੇ ਹੋਰ ਸਾਹਿਤਕ ਰੂਪ ਵਿੱਚ ਮਨੁੱਖੀ ਵੇਦਨਾ ਨੂੰ ਸੰਵੇਦਨਾ 'ਚ ਰਚਣਹਾਰੇ ਵਲੋਂ ਹਮਦਰਦੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਤ ਾਂਇਸ ਵਿੱਚ ਸਾਹਿਤਕ ਮੱਸ ਦਾ ਰਲੇਵਾਂ ਹੋ ਜਾਂਦਾ ਹੈ। ਕਵਿਤਾ ਵਿੱਚ ਵਰਤੇ ਗਏ ਸ਼ਬਦ ਜਦੋਂ ਸ਼ਾਇਰ ਦੇ ਦ੍ਰਿਸ਼ਟੀਕੋਣ ਨੂੰ ਟੇਢ ਨਾਲ ਜਾਂ ਸੈਨਤ ਨਾਲ ਸਮਝਣ, ਨਿਰਖਣ ਅਤੇ ਪਰਖਣ ਦੀ ਬਿਰਤੀ ਨੂੰ ਉੱਤੇਜਿਤ ਕਰਨ, ਤ ਾਂਹੀ ਫਿਰ ਉਹ ਸ਼ਬਦ, ਵਾਕਾਂ/ਸ਼ਿਅਰ 'ਚ ਤਬਦੀਲ ਹੋ ਕੇ ਸਾਹਿਤਕ ਰਚਨਾ ਅਖਵਾਉਣ ਦੇ ਕਾਬਲ ਬਣਦੇ ਹਨ। ਇਸ ਪੁਸਤਕ ਦਾ ਸਮਰਪਣ ਭਾਵ ਇਹ ਦਰਸਾਉਂਦਾ ਹੈ ਕਿ ਸ਼ਾਇਰੀ ਲੇਖਕ ਨੂੰ ਵਿਰਾਸਤ ਵਿੱਚੋਂ ਮਿਲੀ ਹੈ।

ਗ਼ਜ਼ਲ ਦੇ ਸ਼ਿਅਰਾਂ ਨੂੰ ਪਰਖਣ ਦੀ ਰਿੰਦਾਨਾ, ਆਸ਼ਿਕਾਨਾ, ਸੂਫੀਆਨਾ ਅਤੇ ਫਲਸਫ਼ਾਨਾ ਵਿਸ਼ਿਆਂ ਨੂੰ ਅੰਦਾਜ਼-ਏ ਬਿਆਨ ਦੀ ਕਸੌਟੀ 'ਤੇ ਨਿਰਖਿਆ-ਪਰਖਿਆ ਜਾਂਦਾ ਹੈ। ਹਰ ਰਚਨਹਾਰਾ ਸਾਮਿਅਕ ਵਰਤਾਰਿਆਂ ਨੂੰ ਸ਼ਿਆਰੀਅਤ ਰਾਹੀਂ ਪੇਸ਼ ਕਰਦਾ ਹੈ ਜਾਂ ਫਿਰ ਉਸ ਦਾ ਨਜ਼ਰੀਆ ਸਿਰਫ ਸ਼ਬਦਾਂ ਨੂੰ ਥਾਂ ਸਿਰ ਬਹਿਰ-ਵਜ਼ਨ ਦੀ ਲੋੜ ਨੂੰ ਪੂਰਿਆਂ ਕਰਨ ਤੱਕ ਹੀ ਸੀਮਤ ਹੈ। ਮੇਰਾ ਮੰਨਣਾ ਹੈ ਕਿ ਗੁਰਦੀਪ ਸਿੰਘ ਸੈਣੀ ਦੀਆਂ 95 ਗ਼ਜ਼ਲਾਂ 'ਚ ਸ਼ਿਅਰੀਅਤ ਵੀ ਹੈ ਤੇ ਸੰਗੀਤ ਵੀ। ਇਸ ਪੁਸਤਕ ਦਾ ਸ਼ਿਅਰ ਹੈ-

ਇਰਾਦਾ ਕਰ ਲਿਆ ਹੋਵੇ ਬਗਾਵਤ ਦਾ ਅਗਰ ਦਿਲ ਵਿੱਚ,
ਗੁਲਾਮੀ 'ਚੋਂ ਬਸ਼ਰ ਕੋਈ ਕਿਵੇਂ ਉੱਭਰ ਨਹੀਂ ਸਕਦਾ?(ਪੰਨਾ-30)

ਸ਼ਾਇਰ ਦਾ ਮੰਨਣਾ ਹੈ ਕਿ ਜਦੋਂ ਮਨੁੱਖ ਨੂੰ ਆਪਣੀ ਅੰਦਰੂਨੀ ਪੀੜ ਦਾ ਇਲਹਾਮ ਹੋ ਜਾਂਦਾ ਹੈ ਤਾਂ ਫਿਰ ਉਹ ਆਪਣੇ-ਆਪ ਨੂੰ ਉਸ ਵਿਕਟ ਪ੍ਰਸਥਿਤੀ ਤੋਂ ਛੁਟਕਾਰਾ ਪਾਉਣ ਲਈ ਦ੍ਰਿੜ ਇਰਾਦੇ ਨਾਲ ਆਪਣੀ ਮੁਕਤੀ ਦਾ ਰਸਤਾ ਤਲਾਸ਼ਣ ਵੱਲ ਆਪਣੇ ਕਦਮ ਅਗੇਰੇ ਪੁੱਟਣ ਦਾ ਸਾਹਸ ਜੁਟਾਉਂਦਾ ਹੈ। ਅਜਿਹਾ ਕਿਰਦਾਰ ਫਿਰ ਬਿਗਾਨਿਆਂ ਪਰਾਂ 'ਤੇ ਨਹੀਂ ਉਡਦਾ।- 'ਮੈਂ ਬੇਗਾਨੀ ਆਸ 'ਤੇ ਤੁਰਦਾ ਨਹੀਂ, ਜਾਗਦਾ ਕਿਰਦਾਰ ਹਾਂ ਮੁਰਦਾ ਨਹੀਂ'(ਪੰਨਾ 31)। ਇਸ ਸਥਿਤੀ ਪਿੱਛੇ ਕੋਈ ਗੁੱਝੀ ਚੋਟ ਜਾਂ ਪੀੜ ਦਾ ਅਹਿਸਾਸ ਕਾਰਜ ਕਰਦਾ ਹੈ-

'ਵਲਵਲਾ ਉੱਠਦਾ ਹੈ ਗੁੱਝੀ ਚੋਟ 'ਚੋਂ, ਸ਼ਿਅਰ ਮੈਨੂੰ ਬੇਵਜ੍ਹਾ ਫੁਰਦਾ ਨਹੀਂ'।(ਪੰਨਾ-37)

ਸ਼ਾਇਰੀ ਰਾਜ-ਸੱਤਾ ਦੇ ਅਸਲੀ ਕਿਰਦਾਰ ਨੂੰ ਵੀ ਨੰਗਾ ਕਰਦੀ ਹੈ। ਸ਼ਿਅਰ ਹੈ-' ਰਜਾਏ ਤੇਰੇ ਦਰ ਤੇ ਰੱਜੇ ਸੀ ਜੋ, ਫ਼ਕੀਰਾਂ ਦੇ ਖਾਲੀ ਹੀ ਕਾਸੇ ਰਹੇ'।(ਪੰਨਾ-107) ਮੌਜੂਦਾ ਭਾਰਤੀ ਰਾਜਨੀਤਿਕ-ਵਿਵਸਥਾ ਜਿਸ ਵਿੱਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਇਹੀ ਰਾਜਨੀਤਿਕ ਔੜ ਹੈ ਜੋ ਵਿਨਾਸ਼ ਦੇ ਰਾਹ 'ਤੇ ਮਨੁੱਖਤਾ ਨੂੰ ਤੋਰ ਰਹੀ ਹੈ। ਦੰਗਿਆਂ ਦਾ ਮੰਜ਼ਰ ਇਸ ਸ਼ਿਅਰ ਰਾਹੀਂ ਦੇਖਿਆ ਜਾ ਸਕਦਾ ਹੈ- 'ਘਰੌਂਦੇ ਆਪਣੇ ਏਹਨਾਂ ਬਣਾਏ ਨੇ ਵਿਦੇਸ਼ਾਂ ਵਿੱਚ, ਸਿਆਸੀ ਲੋਕ ਦੰਗੇ ਤਾਂ ਨਹੀਂ ਭੜਕਾਉਣ ਤੋਂ ਡਰਦੇ'।( ਪੰਨਾ-127)

ਗੁਰਦੀਪ ਸੈਣੀ ਆਪਣੀਆਂ ਗ਼ਜ਼ਲਾਂ ਵਿੱਚ ਅਗਲੀ ਔੜ ਦਾ ਜ਼ਿਕਰ ਕਰਦਿਆਂ ਅਖੌਤੀ ਧਾਰਮਿਕਤਾ ਦੇ ਪਾਜ ਉਘਾੜਦਾ ਹੈ। ਅਜੋਕੇ ਪਦਾਰਥ ਯੁੱਗ ਦੀ ਬਿਰਤੀ ਦਾ ਅਨੁਸਰਨ ਕਰਦਿਆਂ ਧਰਮ ਵੀ ਵਪਾਰਕ ਹੋ ਗਿਆ ਹੈ। ਪਾਖੰਡ ਦਾ ਅਖੌਤੀ ਧਰਮ ਨਾਲ ਗਹਿਰਾ ਸਬੰਧ ਹੈ। ਇਹ ਅੰਧਵਿਸ਼ਵਾਸ ਨੂੰ ਜਨਮਦਾ ਹੈ ਜਿਸ ਨਾਲ ਅਗਿਆਨਤਾ ਵਧਦੀ ਹੈ ਜਿਸ ਵਿੱਚ ਤਰਕ ਦਾ ਕੋਈ ਅਰਥ ਨਹੀਂ ਰਹਿੰਦਾ-' ਜੇ ਪਾਖੰਡੀ ਤੇਰੇ ਆਲੇਦੁਆਲੇ ਨੇ, ਤੇਰੀ ਭਗਤੀ ਵਿੱਚ ਵੀ ਘਾਲੇ-ਮਾਲੇ ਨੇ'।(ਪੰਨਾ-109) ਅੰਧਵਿਸ਼ਵਾਸ, ਅਗਿਆਨਤਾ, ਸ਼ਰਧਾ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਦਿਆਂ ਸ਼ਾਇਰ ਤਰਕ, ਵਿਸ਼ਵਾਸ, ਦ੍ਰਿੜਤਾ, ਸਬਰ ਦਾ ਪੱਲਾ ਫੜਨ ਲਈ ਜੁਗਨੂੰਆਂ ਦੀ ਸੰਗਤ ਕਰ ਕੇ ਹਨੇਰਿਆਂ ਖ਼ਿਲਾਫ਼ ਡਟਣ ਦਾ ਹੋਕਾ ਦਿੰਦਾ ਹੈ-

' ਲੈ ਸਬਕ "ਸੈਣੀ" ਤੂੰ ਇਹਨਾਂ ਜੁਗਨੂਆਂ ਤੋਂ,
ਨੇਰ੍ਹਿਆਂ ਵਿੱਚ ਦੇ ਸੁਨੇਹਾ ਰੌਸ਼ਨੀ ਦਾ'।(ਪੰਨਾ-87)

ਵਿਅੰਗ ਗ਼ਜ਼ਲ ਦਾ ਮੀਰੀ ਗੁਣ ਮੰਨਿਆਂ ਜਾਂਦਾ ਹੈ।

ਵਿਅੰਗਾਤਮਕ ਲੇਖਕ ਆਪਣੀ ਕਲਾ ਰਾਹੀਂ ਕਿਸੇ ਦੀ ਆਲੋਚਨਾ ਕਰਦਾ ਹੈ ਤਾਂ ਉਸ ਦੀ ਰੁਚੀ ਬੌਧਿਕ ਵਿਸ਼ਲੇਸ਼ਣ ਦੀ ਥਾਵੇਂ ਗੁੱਝੀਆਂ ਸੱਟਾਂ ਮਾਰਨ ਦੀ ਹੁੰਦੀ ਹੈ। ਅਜਿਹਾ ਲੇਖਕ ਆਪਣੇ ਆਦਰਸ਼ਕ ਪਾਤਰਾਂ ਰਾਹੀਂ ਜਾਂ ਆਦਰਸ਼ਕ ਵਿਚਾਰਧਾਰਾਈ ਤੱਤਾਂ ਰਾਹੀਂ ਪ੍ਰਸਥਿਤੀਆਂ ਦਾ ਮੁਲਾਂਕਣ ਕਰਦਾ ਹੈ। ਜਦੋਂ ਮੈਂ ਇਸ ਦ੍ਰਿਸ਼ਟੀ ਤੋਂ ਗੁਰਦੀਪ ਸੈਣੀ ਦੀਆਂ ਗ਼ਜ਼ਲਾਂ ਨੂੰ ਦੇਖਦਾ ਹਾਂ ਤਾਂ ਉਸ ਦੇ ਸ਼ਿਅਰਾਂ 'ਚ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਵਰਤਾਰਿਆਂ, ਪ੍ਰਸਥਿਤੀਆਂ, ਕਥਨਾਂ 'ਚ ਵਿਅੰਗਾਤਮਿਕਤਾ ਦਾ ਪ੍ਰਯੋਗ ਵਧੇਰੇ ਪ੍ਰਬਲ ਰੂਪ 'ਚ ਮੈਨੂੰ ਦਿਖਾਈ ਦਿੰਦਾ ਹੈ।-

'ਇਸ਼ਕ ਵਿੱਚ ਪਹਿਲਾਂ ਕਰਾਏ ਸਨ ਖ਼ਸਾਰੇ ਰੱਜ ਕੇ ਮੈਂ, ਤਾਂ ਕਿਤੇ ਦਿਲ ਨੇ ਮੇਰੇ ਖੁਸ਼ੀਆਂ ਦਾ ਡੇਰਾ ਵੇਖਿਆ ਸੀ'।(ਪੰਨਾ-88)

ਸਰਕਾਰਾਂ ਵਲੋਂ ਮਿਲੇ ਲੇਖਕਾਂ ਨੂੰ ਸਨਮਾਨਾਂ ਦੇ ਸਬੰਧ 'ਚ ਇਹ ਸ਼ਿਅਰ ਵਿਚਾਰਨਯੋਗ ਅਤੇ ਢੁਕਵਾਂ ਹੈ-

'ਮਿਲ ਗਿਐ ਆਖ਼ਰ ਉਨ੍ਹੂੰ ਸਰਕਾਰ ਤੋਂ ਸਨਮਾਨ ਜਦ, ਕੀ ਉਹ ਸ਼ਾਇਰ ਕਾਮਯਾਬੀ ਦਾ ਸਮੁੰਦਰ ਤਰ ਗਿਆ?'( ਪੰਨਾ-90) ਸਮਾਜਿਕ ਰਿਸ਼ਤੇ ਜੋ ਪਵਿੱਤਰ ਅਤੇ ਦੁੱਖ-ਸੁੱਖ ਦੇ ਪਲਾਂ 'ਚ ਸਾਂਝਾਂ ਦੇ ਹੁੰਦੇ ਹਨ, ਉਹ ਵੀ ਵਪਾਰਕ ਬਣਦੇ ਜਾ ਰਹੇ ਹਨ-

'ਕਦੋਂ ਰਿਸ਼ਤੇ ਨਿਭਾਏ ਜਾ ਰਹੇ ਨੇ? ਨਫ਼ੇ ਦੇ ਥਾਂ ਬਣਾਏ ਜਾ ਰਹੇ ਨੇ'।(ਪੰਨਾ-91)

ਸੱਚੀ-ਸੁਚੀ ਰਚਨਾ ਉਹ ਹੁੰਦੀ ਹੈ ਜੋ ਦੁਸ਼ਵਾਰੀਆਂ ਵਿੱਚ ਵੀ ਮਨੁੱਖ ਨੂੰ ਜਿਉਂਦੇ ਰਹਿਣ ਲਈ ਹਮੇਸ਼ਾਂ ਸੰਘਰਸ਼ਸ਼ੀਲ ਰਹਿਣ ਦਾ ਸੱਦਾ ਦਿੰਦੀ ਹੈ। ਗੁਰਦੀਪ ਸੈਣੀ ਦੀ ਗ਼ਜ਼ਲ-ਗੋਈ ਮਨੁੱਖੀ ਜ਼ਿੰਦਗੀ ਪ੍ਰਤਿ ਹਾਂ-ਦਰੂ ਰੁੱਖ ਅਖਤਿਆਰ ਕਰਨ ਦਾ ਸਬੱਬ ਬਣਦੀ ਹੈ। ਮਿਸਾਲ ਵਜੋਂ-

' ਪਾਣੀਆਂ ਦੇ ਨਾਲ ਨਾ ਹੀ ਪੱਥਰਾਂ ਦੇ ਨਾਲ਼ ਹੈ, ਟਾਕਰਾ ਸਾਡਾ ਸਮੇਂ ਦੇ ਜਾਬਰਾਂ ਨਾਲ਼ ਹੈ'।(ਪੰਨਾ-83)।

ਗੁਰਦੀਪ ਸੈਣੀ ਨੇ ਗ਼ਜ਼ਲ-ਗੋਈ ਕਰਦਿਆਂ ਗ਼ਜ਼ਲ ਨੂੰ ਆਪਣੀ ਜ਼ਿੰਦਗੀ 'ਚ ਫਲਸਫ਼ੇ ਦੇ ਤੌਰ 'ਤੇ ਪਾਠਕਾਂ ਨੂੰ ਅਪਨਾਉਣ ਦੀ ਗੱਲ ਕਰਦਿਆਂ ਇਹ ਸੰਕੇਤ ਦਿੱਤਾ ਹੈ ਕਿ ਗ਼ਜ਼ਲ ਮਨੁੱਖੀ ਅਕਾਂਖਿਆਵਾਂ ਦੀ ਪੇਸ਼ਕਾਰੀ ਤਾਂ ਹੈ ਹੀ ਪਰ ਇਸ ਦੇ ਨਾਲ ਜ਼ਿੰਦਗੀ ਨੂੰ ਖ਼ੂਬਸੂਰਤ ਬਨਾਉਣ 'ਚ ਵੀ ਮਦਦਗਾਰ ਹੈ। ਉਸ ਦੇ ਕਈ ਸ਼ਿਅਰ ਬਹੁਤ ਸਾਰੇ ਪ੍ਰਸ਼ਨਾਂ ਨੂੰ ਪਾਠਕਾਂ ਦੇ ਜ਼ਿਹਨ 'ਚ ਉਕੇਰਦੇ ਹਨ, ਸੋਚਣ ਲਈ, ਸਮਝਣ ਅਤੇ ਨਿਹਾਰਨ ਲਈ, ਪਰਖਣ ਲਈ ਉਤੇਜਿਤ ਕਰਦੇ ਹਨ-ਮਿਸਾਲ ਦੇ ਤੌਰ 'ਤੇ ਇਹ ਸ਼ੇਅਰ-

' ਖੁਸ਼ੀ ਤੇ ਗ਼ਮੀ ਦੀ ਡੂੰਘਾਈ ਗ਼ਜ਼ਲ ਹੈ। ਮਨੋ-ਭਾਵ ਦੀ ਰੱਖ ਰਖਾਈ ਗ਼ਜ਼ਲ ਹੈ'। (ਪੰਨਾ-101)

'ਨਾਜ਼ੁਕੀ ਮੇਰੀ ਹੀ ਮੇਰੀ ਜ਼ਿੰਦਗੀ ਹੈ, ਮੈਂ ਗ਼ਜ਼ਲ ਹਾਂ ਜ਼ਿੰਦਗੀ ਦਾ ਫਲਸਫ਼ਾ ਹਾਂ'।(ਪੰਨਾ-82)

## ਵਧਾਈਆਂ



ਸੈਣੀ ਬਰਾਦਰੀ ਲਈ ਅਤਿ ਮਾਣ ਦੀ ਗੱਲ ਹੈ ਕਿ ਪੰਜਾਬ ਮੰਤਰੀ ਮੰਡਲ ਵਿੱਚ ਸ. ਹਰਦੀਪ ਸਿੰਘ ਮੁੰਡੀਆਂ, ਐੱਮ.ਐੱਲ.ਏ. ਸਾਹਨੇਵਾਲ ਨੂੰ ਮਾਲ ਅਤੇ ਸ਼ਹਿਰੀ ਵਿਕਾਸ ਮੰਤਰੀ ਵਜੋਂ ਸ਼ਾਮਿਲ ਕੀਤਾ ਗਿਆ ਹੈ। ਆਪ ਦਾ ਪਿਛੋਕੜ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਮੁਕੇਰੀਆਂ ਵਿੱਚ ਪਿੰਡ ਲਾਦਪੁਰ ਹੈ। ਕਿਸਾਨੀ ਪਰਿਵਾਰ ਨਾਲ ਸਬੰਧਿਤ ਇਹ ਸੁਲਝਿਆ ਅਤੇ ਇਮਾਨਦਾਰ ਆਗੂ, ਲੁਧਿਆਣਾ ਵਿਖੇ ਆਪਣਾ ਕਾਰੋਬਾਰ ਕਰਦੇ ਹਨ। ਆਪ ਗਰੀਬਾਂ ਤੇ ਲੋੜਵੰਦਾਂ ਲਈ ਅੱਖਾਂ ਦੇ ਕੈਂਪ ਅਤੇ ਲੰਗਰ ਲਗਾ ਕੇ ਸਮਾਜਸੇਵਾ ਵਿੱਚ ਜੁਟੇ ਰਹਿੰਦੇ ਹਨ। ਵਰਣਨਯੋਗ ਹੈ ਕਿ ਪਟਿਆਲਾ ਹਲਕੇ ਤੋਂ ਡਾ. ਬਲਬੀਰ ਸਿੰਘ ਸੈਣੀ ਵੀ ਪੰਜਾਬ 'ਸਿਹਤ ਤੇ ਪਰਿਵਾਰ ਭਲਾਈ ਮੰਤਰੀ ਹਨ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਦੋ ਸੈਣੀ ਬਰਾਦਰੀ ਤੋਂ ਕੈਬਨਿਟ ਮੰਤਰੀ ਬਣ ਗਏ ਹਨ।

❊ ❊ ❊ ❊ ❊



ਕੇਂਦਰ ਸਰਕਾਰ ਨੇ ਪੱਤਰਕਾਰ ਅਤੇ ਲੇਖਕ ਸ. ਕਮਲਜੀਤ ਸਿੰਘ ਬਨਵੈਤ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਬੋਰਡ ਦਾ ਮੈਂਬਰ ਨਿਯੁਕਤ ਕਰਕੇ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। ਆਪ ਜ਼ਿਲ੍ਹਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਗਰ ਦੇ ਪਿੰਡ ਉੜਾਪੜ ਦੇ ਕਿਸਾਨੀ ਪਰਿਵਾਰ ਨਾਲ ਸਬੰਧਿਤ ਹਨ ਅਤੇ 12 ਪੁਸਤਕਾਂ ਦੇ ਲੇਖਕ ਹਨ। ਆਪ ਨੇ ਲੰਬਾ ਸਮਾਂ ਪੰਜਾਬੀ ਟ੍ਰਿਬਿਊਨ ਵਿੱਚ ਕੰਮ ਕੀਤਾ ਹੈ। ਮਾਣ ਦੀ ਗੱਲ ਹੈ ਕਿ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਜੀ ਵੀ ਸੈਣੀ ਬਰਾਦਰੀ ਦੇ ਹਨ।

❊ ❊ ❊ ❊ ❊



ਰੂਪਨਗਰ ਜ਼ਿਲ੍ਹੇ ਦੇ ਪਿੰਡ ਖੇੜੀ ਸਲਾਬਤਪੁਰ ਦੇ ਜੁਝਾਰੂ ਤੇ ਲੋਕ-ਹੱਕਾਂ ਨੂੰ ਸਮਰਪਿਤ ਕਾਮਰੇਡ ਦਿਦਾਰ ਸਿੰਘ ਦੇ ਹੋਣਹਾਰ ਸਪੁੱਤਰ ਸ. ਦਰਸ਼ਨਜੀਤ ਸਿੰਘ ਰੂਪਨਗਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨਿਯੁਕਤ ਹੋਏ ਹਨ। ਆਪ ਨੇ ਲੰਬਾ ਸਮਾਂ ਅਰਥ ਸ਼ਾਸਤਰ ਦੇ ਲੈਕਚਰਰ ਅਤੇ ਫਿਰ ਚੰਡੀਗੜ੍ਹ (ਯੂ.ਟੀ.) ਵਿੱਚ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ ਹੈ।ਆਪ ਨੂੰ ਇਮਾਨਦਾਰੀ ਅਤੇ ਮਿਹਨਤ ਸਦਕਾ ਸਰਕਾਰ ਨੇ ਰਾਜ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਹੈ।

ਸੈਣੀ ਸਮਾਚਾਰ

# ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਰੋਪੜ ਇਕਾਈ ਦਾ ਗਠਨ



**ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਰੋਪੜ ਇਕਾਈ ਦਾ ਗਠਨ :**

ਸੈਣੀ ਬਰਾਦਰੀ ਵਿੱਚ ਏਕਤਾ ਕਾਇਮ ਕਰਨ ਲਈ ਮਿਤੀ 4 ਅਗਸਤ, 2024 ਨੂੰ ਰੋਪੜ ਦੇ ਰਾਜਿਸਥਾਨ ਰਾਇਲ ਹੋਟਲ ਵਿੱਚ ਪਤਵੰਤੇ ਸੱਜਣਾ ਦਾ ਭਰਵਾਂ ਇਕੱਠ ਕੀਤਾ ਗਿਆ। ਇਸ ਵਿੱਚ ਆਲ ਇੰਡੀਆ ਸੈਣੀ ਸੇਵਾ ਸਮਾਜ ਦੀ ਰੋਪੜ ਇਕਾਈ ਦਾ ਗਠਨ ਕੀਤਾ ਗਿਆ। ਇਸ ਵਿੱਚ ਸ. ਮਨਜੀਤ ਸਿੰਘ ਤੰਬੜ ਨੂੰ ਇਕਾਈ ਦਾ ਪ੍ਰਧਾਨ, ਸਿਕੰਦਰ ਸਿੰਘ ਕੋਟਲਾ ਨਿਹੰਗ ਨੂੰ ਯੂਥ ਪ੍ਰਧਾਨ, ਸ. ਹਜ਼ੂਰਾ ਸਿੰਘ ਗੋਬਿੰਦਪੁਰਾ ਨੂੰ ਸੀਨੀਅਰ ਉੱਪਪ੍ਰਧਾਨ, ਸ.ਦਲਜੀਤ ਸਿੰਘ ਹੀਰਾ ਡਿਪਾਰਟਮੈਂਟਲ ਸਟੋਰ ਰੋਪੜ ਨੂੰ ਮੁੱਖ ਸਰਪ੍ਰਸਤ, ਸ.ਗੁਰਨਾਮ ਸਿੰਘ ਸ਼ਾਮਪੁਰਾ ਨੂੰ ਸਰਪ੍ਰਸਤ, ਸ. ਹਜ਼ੂਰਾ ਸਿੰਘ ਗੋਬਿੰਦਪੁਰਾ ਨੂੰ ਸੀਨੀਅਰ ਉੱਪਪ੍ਰਧਾਨ, ਸ. ਜਗਤਾਰ ਸਿੰਘ ਗਿੱਲਕੋਵੈਲੀ ਨੂੰ ਉੱਪਪ੍ਰਧਾਨ, ਸ. ਮੋਹਣ ਸਿੰਘ ਸ਼ਾਮਪੁਰਾ ਨੂੰ ਖਜਾਨਚੀ ਅਤੇ ਸ.ਗੁਰਿੰਦਰਪਾਲ ਸਿੰਘ ਕਮਾਲਪੁਰ ਨੂੰ ਜਾਇੰਟ ਖਜਾਨਚੀ ਨਾਮਜ਼ਦ ਕੀਤਾ ਗਿਆ।

ਇਸ ਸਮਾਗਮ ਵਿੱਚ ਸੈਣੀ ਭਾਈਚਾਰੇ ਦੀਆਂ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਵਡਮੁੱਲਾ ਯੋਗਦਾਨ ਪਾਉਂਣ ਵਾਲੀਆਂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇੱਸ ਸਾਦੇ ਤੇ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਜ਼ਿਲ੍ਹਾ ਰੂਪਨਗਰ ਤੋਂ ਇਲਾਵਾ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਤੋਂ ਸੈਣੀ ਭਾਈਚਾਰੇ ਦੇ ਵੱਡੀ ਗਿਣਤੀ ਲੋਕਾਂ ਵਲੋਂ ਸ਼ਿਰਕਤ ਕੀਤੀ ਗਈ। ਇਸ ਵਿੱਚ ਸੈਣੀ ਭਾਈਚਾਰੇ ਦੀ ਬਿਹਤਰੀ ਅਤੇ ਇਨ੍ਹਾਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹਲ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਪਹੁੰਚੇ ਹਰਿਆਣ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਖਬਿੰਦਰ ਸਿੰਘ ਮਟੇਬਰ ਅਤੇ ਲਵਲੀਨ ਸਿੰਘ ਸੈਣੀ ਪ੍ਰਧਾਨ ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਆਪਣੀ ਬਰਾਦਰੀ ਦੀ ਬਿਹਤਰੀ ਦੇ ਨਾਲ ਨਾਲ ਸਮਾਜ ਦੇ ਹਰ ਵਰਗ ਦਾ ਸਹਿਯੋਗ ਚਾਹੀਦਾ ਹੈ।

ਇਸ ਸਮੇਂ ਇੰਟਰਨੈਸ਼ਨਲ ਪੰਜਾਬੀ ਫਾਊਨਡੇਸ਼ਨ ਦੇ ਪ੍ਰਧਾਨ ਸ. ਗੁਰਚਰਨ ਸਿੰਘ ਉੜਾਪੜ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤਿ ਵੱਡਮੁੱਲੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ, 'ਬਾਬਾ ਗੁਰਸਾ ਸਿੰਘ ਗਹੂਣੀਆਂ' ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਸ. ਤੇਜਦੀਪ ਸਿੰਘ ਸੈਣੀ ਪੀ ਸੀ ਐਸ, ਹਰਿਆਣਾ ਇਕਾਈ ਦੇ ਪ੍ਰਧਾਨ ਨਵਨੀਤ ਸੈਣੀ, ਪੰਜਾਬ ਦੇ ਯੂਥ ਪ੍ਰਧਾਨ ਅੰਕਿਤ ਸੈਣੀ, ਪੰਜਾਬ ਦੇ ਵਾਈਸ ਪ੍ਰਧਾਨ ਹਰਬੰਸ ਸਿੰਘ ਸੈਣੀ, ਪ੍ਰੀਤਕਮਲ ਸੈਣੀ ਕੋਆਰਡੀਨੇਟਰ ਮੋਹਾਲੀ, ਡਾ. ਅਜਮੇਰ ਸਿੰਘ ਪ੍ਰਧਾਨ ਸੈਣੀ ਭਵਨ ਰੂਪਨਗਰ, ਪਰਮਜੀਤ ਸਿੰਘ ਲੱਖੋਵਾਲ ਮੈਂਬਰ ਸ਼੍ਰੋਮਣੀ ਕਮੇਟੀ, ਗੁਰਮੁਖ ਸਿੰਘ ਸੈਣੀ ਸਾ. ਐਮ.ਸੀ., ਮੋਹਣਜੀਤ ਸਿੰਘ ਕਮਾਲਪੁਰ, ਕੁਲਦੀਪ ਸਿੰਘ ਭਾਗੋਵਾਲ ਨੇ ਸਮਾਗਮ ਨੂੰ ਸੰਬੋਧਿਤ ਕੀਤਾ। ਇਸ ਸਮੇਂ ਸ. ਕਰਨੈਲ ਸਿੰਘ ਤੰਬੜ ਸਾ. ਐਮ.ਸੀ, ਤੇਜਿੰਦਰ ਸਿੰਘ ਤੇਜ, ਅਮਰਿੰਦਰ ਸਿੰਘ ਬਾਵਾ ਐਮ.ਸੀ. ਸੁਖਵਿੰਦਰ ਸਿੰਘ ਪਟਵਾਰੀ, ਗੁਰਮੇਲ ਸਿੰਘ ਸਰਪੰਚ ਟੱਪਰੀਆਂ, ਸ. ਰਾਜਿੰਦਰ ਸਿੰਘ ਨਨ੍ਹੂਆਂ ਟਰੱਸਟੀ ਸੈਣੀ ਭਵਨ ਰੂਪਨਗਰ ਸਮੇਤ ਸਿੱਰਕੱਢ ਸੈਣੀ ਵਿਅਕਤੀ ਹਾਜ਼ਰ ਸਨ।

❋ ❋ ❋ ❋ ❋



## ਸਵਾਗਤ



ਸ਼੍ਰੀਮਤੀ ਰਾਵਿੰਦਰ ਕੌਰ ਪਤਨੀ ਸ. ਰਾਜਿੰਦਰ ਸਿੰਘ ਨਨ੍ਹੂਆਂ ਵਾਸੀ ਮਕਾਨ ਨੰ. 61, ਰਣਜੀਤ ਐਵੇਨਿਊ ਰੂਪਨਗਰ ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਬਣੇ ਹਨ। ਉਹ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਲੰਬੀ ਮਾਣਮੱਤੀ ਨੌਕਰੀ ਕਰਨ ਉਪਰੰਤ ਪ੍ਰਿੰਸੀਪਲ ਦੇ ਉੱਚ ਅਹੁਦੇ ਤੋਂ ਸਾਫ਼ ਸੁਥਰੇ ਦਾਮਨ ਤੇ ਸਨਮਾਨ ਸਹਿਤ ਸੇਵਾਮੁਕਤ ਹੋਏ ਹਨ। ਉਹ ਸੈਣੀ ਭਵਨ ਦੀਆਂ ਸਰਗਰਮੀਆਂ ਵਿੱਚ ਪੂਰੀ ਤਨਦੇਹੀ ਨਾਲ ਸਰਗਰਮ ਹਨ। ਉਨ੍ਹਾਂ ਦੀ ਲਗਨ ਅਤੇ ਪ੍ਰਬੰਧਕੀ ਯੋਗਤਾ ਸਦਕਾ ਉਨ੍ਹਾਂ ਨੂੰ ਇਸ ਸੰਸਥਾ ਦੀ ਪ੍ਰਬੰਧਕੀ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਸਾਰੇ ਟਰੱਸਟੀਆਂ ਵਲੋਂ ਉਨ੍ਹਾਂ ਦਾ ਸਵਾਗਤ ਹੈ।





## Promising Saini Scholar - Dr. Avneet Saini

Amarjit Singh
Saini Bhawan Ropar

Saini Bradri has produced hundreds of Politicians, Social Workers, Patriots and Literary persons whp have given invaluable services to the society but a very few are known in the field of Scientific inventions. One such rare personality is Dr. Avneet Saini who has discovered Peptide and device for the detection of prostrat cancer and got it patent.

Avneet Saini was Born on 12th of September 1981 in the family of Mrs. Maninder Kaur and Dr. Bhag Singh Bola at Ropar. At the age of Three and half year she was put in the hostel of Saint Kabir Public School, Sec -26 Chandigarh for Primary Education and that period has shaped her life. After completing her primary education , she joined Shiwalik Public School Ropar from where she completed her 10th and 12th . She was awarded National Scholarship thrice for remaining in 0.1% of Students in 10th and 12th of C.B.S.E. Board . After her schooling she joined Panjab University Honours school in Bio -Physics in 1999. She completed M.Sc Honours with Gold Medal in all five years with National scholarship .

She, as a Junior Research fellow joined Ph.D in Bio Physics at Panjab University Chandigarh in 2006-2007. While doing Ph.D she was appointed as Assistant Professor in S.D. College, Chandigarh and remained there from July 2007 To July 2010. On Completing her Ph.D she was selected as Assistant Professor in deptt of Bio – Physics in Panjab University Chandigarh where she has worked on different posts.

She was married to Mr. Varun Joshi in 2006, who is M.B.A. from University of Manchester Business School (U.K), and is the founder Managing Director of FINCOT Advisory, that works on financial Analytics with about 40 I.T. companies as Analytics expert. Both, husband and wife are living happy life at Chandigarh with their kids .

In March 2014 , she proceeded for Post doctoral fellowship (P.D.F) for one year at University College London (U.K) under a project of U.S $ 40000 (App. Rs. 3500000). It was an international fellowship from schlumberger foundation for young Scientists.. Later in India a research project by Defences Research and Development Organisation of Rs. 60 Laces was granted to her which she has completed in 2021. Recognising her competency a research project of Rs. 50 laces from Indian Council and Medical research was granted to her in 2022 which is going on. In the mean time many other projects have been sanctioned by Deptt of Science and Technology of U.T Chandigarh.



Besides various research publications in international journals of repute, recently she has been granted a patent in collaboration with other faculty members of Panjab University by the Indian Patent office for the development of a peptide ( a small unit of protein) and device for the detection of prostrat cancer. It is a remarkable achievement while the research centres and Universities are starved of funds and facilities. She has also edited a book on Photophysics and Nanophysics on Therapeutics in 2022 published by the international publishing house ELSEVIET.INC .

She remained the chairperson of the department of Biophysics for three years and warden of the working women hostel for five years , a very high responsibility at the University level .

Committee Members of Saini Bhawan are proud of remarkable achievements of Dr. Avneet Saini and we wish her more accomplishments in the field of Science.

# ਸੈਣੀ ਭਵਨ ਦੀਆਂ ਸਰਗਰਮੀਆਂ (ਜੁਲਾਈ-ਸਤੰਬਰ 2024)- ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ 'ਸੈਣੀ ਸੰਸਾਰ' ਦੇ 53ਵੇਂ ਅੰਕ ਨੂੰ ਲੋਕ ਅਰਪਣ ਕਰਦੇ ਹੋਏ ਮੁੱਖ ਮਹਿਮਾਨ ਫਲਾਈਟ ਲੈਫਟੀਨੈਂਟ (ਰਿਟਾ.) ਤਰਲੋਚਨ ਸਿੰਘ ਮੁਹਾਲੀ ਅਤੇ ਸੈਣੀ ਭਵਨ ਦੇ ਪ੍ਰਬੰਧਕ



22ਵੇਂ ਖੂਨਦਾਨ ਕੈਂਪ ਦੌਰਾਨ ਖੂਨਦਾਨੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਮੁੱਖ ਮਹਿਮਾਨ ਸ਼੍ਰੀਮਤੀ ਪਰਮਿੰਦਰ ਕੌਰ ਪੰਦੋਹਲ ਰੂਪਨਗਰ



ਕੈਪਟਨ ਹਾਕਮ ਸਿੰਘ, ਸੀਨੀ. ਮੀਤ ਪ੍ਰਧਾਨ ਸੈਣੀ ਭਵਨ ਰੂਪਨਗਰ ਦਾ 90ਵਾਂ ਜਨਮ ਦਿਨ ਮਨਾਉਂਦੇ ਹੋਏ ਪ੍ਰਬੰਧਕ ਅਤੇ ਪਰਿਵਾਰਕ ਮੈਂਬਰ



ਸੈਣੀ ਭਵਨ ਵਿੱਚ ਤੀਆਂ ਦਾ ਤਿਉਹਾਰ ਮਨਾਉਂਦੀਆਂ ਹੋਈਆਂ ਕਿੱਤਾ ਸਿਖਲਾਈ ਕੇਂਦਰਾਂ ਦੀਆਂ ਸਿੱਖਿਆਰਥਣਾ

Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

**PUBLISHERS**

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001